
ਹਰਚਰਨ ਸਿੰਘ

# ਦੇਖ ਕਬੀਰਾ ਰੋਯਾ




ਦੇਖ ਕਬੀਰਾ ਰੋਯਾ — ਹਰਚਰਨ ਸਿੰਘ

# ਦੇਖ
# ਕਬੀਰਾ
# ਰੋਯਾ

ਇਸੇ ਕਲਮ ਤੋਂ

ਨਾਟਕ : ਚਮਕੌਰ ਦੀ ਗੜ੍ਹੀ, ਪੁੰਨਿਆਂ ਦਾ ਚੰਨ, ਮਿਟੀ ਧੁੰਦ ਜਗਿ ਚਾਨਣੁ ਹੋਆ, ਕਲ ਅੱਜ ਤੇ ਭਲਕ, ਮਸੀਹਾ ਸੂਲੀ ਤੇ ਮੁਸਕ੍ਰਾਇਆ, ਸ਼ੋਭਾ ਸ਼ਕਤੀ, ਅਨਜੋੜ, ਦੋਸ਼, ਰੱਤਾ ਸਾਲੂ, ਰਾਜਾ ਪੋਰਸ, ਦੂਰ ਦੁਰਾਡੇ ਸ਼ਹਿਰੋਂ, ਤੇਰਾ ਘਰ ਸੋ ਮੇਰਾ ਘਰ, ਕੰਚਨ ਮਾਟੀ, ਆਦਿ।

ਇਕਾਂਗੀ-ਸੰਗ੍ਰਹਿ : ਜੀਵਨ ਲੀਲ੍ਹਾ, ਸਪਤ ਰਿਸ਼ੀ, ਪੰਜ ਗੀਟੜਾ, ਪੰਚ ਪਰਧਾਨ, ਮੇਰੇ ਚੋਣਵੇਂ ਇਕਾਂਗੀ, ਮੁੜ੍ਹਕੇ ਦੀ ਖ਼ੁਸ਼ਬੋ, ਜ਼ਫ਼ਰਨਾਮਾ ਤੇ ਹੋਰ ਇਕਾਂਗੀ ਆਦਿ।

ਕਹਾਣੀ-ਸੰਗ੍ਰਹਿ : ਸਿੱਪੀਆਂ, ਨਵੀਂ ਸਵੇਰ ।

ਸੰਪਾਦਨਾ : ਪੰਜਾਬੀ ਸਾਹਿਤ-ਧਾਰਾ, ਪੰਜਾਬੀ ਬਾਤ-ਚੀਤ, ਛੇ ਰੰਗ, ਨੰਦਾ ਦੇ ਸਾਰੇ ਦੇ ਸਾਰੇ ਨਾਟਕ, ਆਦਿ ।

ਆਲੋਚਨਾ : ਪੰਜਾਬੀ ਵਾਰਤਕ ਦਾ ਜਨਮ ਤੇ ਵਿਕਾਸ, ਨਾਟਕ ਕਲਾ, ਈਸ਼ਵਰ ਚੰਦਰ ਨੰਦਾ।

# ਦੇਖ ਕਬੀਰਾ ਰੋਯਾ

ਹਰਚਰਨ ਸਿੰਘ

ਸਿੰਘ ਬ੍ਰਦਰਜ਼
ਮਾਈ ਸੇਵਾਂ, ਅੰਮ੍ਰਿਤਸਰ

ਮੁੱਲ ੧੦–੦੦

ਪ੍ਰਕਾਸ਼ਕ
ਸਿੰਘ ਬ੍ਰਦਰਜ਼, ਮਾਈ ਸੇਵਾਂ, ਅੰਮ੍ਰਿਤਸਰ
ਵਾਸਤੇ
ਦੇਸ ਪੰਜਾਬ, 1048, ਸੈਕਟਰ 15–ਬੀ, ਚੰਡੀਗੜ੍ਹ,
ਪ੍ਰਿੰਟਰ
ਐਸੋਸੀਏਟਡ ਪ੍ਰਿੰਟਰਜ਼, 226, ਇੰਡਸਟਰੀਅਲ ਏਰੀਆ, ਚੰਡੀਗੜ੍ਹ

ਚਲਤੀ ਕੋ ਗਾਡੀ ਕਹੇ ਬਨੇ ਦੂਧ ਕੋ ਖੋਯਾ
ਰੰਗੀ ਕੋ ਨਾਰੰਗੀ ਕਹੇ ਦੇਖ ਕਬੀਰਾ ਰੋਯਾ

ਲੇਖਕ ਦੀ ਲਿਖਤੀ ਆਗਿਆ ਤੋਂ ਬਿਨਾਂ ਇਹ ਨਾਟਕ
ਖੇਡਿਆ ਨਾ ਜਾਵੇ ।

## ਪਾਤਰ

ਹਾਜੀ
ਪਹਿਰੇਦਾਰ
ਦੀਵਾਨਾ
ਕੈਦੀ
ਦਰੋਗਾ
ਪ੍ਰੈਸ ਰੀਪੋਰਟਰ
ਬੁਢੀ
ਸੁਲਤਾਨ
ਸਿਪਾਹੀ
ਕੁਲੀ
ਸੇਠ
ਦੋ ਮੁੰਡੇ
ਬਾਬੂ
ਲੜਕੀ
ਨੂਰ ਬਾਈ
ਕਰਮੂ
ਗਾਮਾ
ਸਕੱਤਰ
ਮੌਲਾਨਾ
ਰਾਓ
ਇਨਸਪੈਕਟਰ
ਖਵਾਜ਼ਾ
ਬੇਗਮ
ਸਨੋਜ
ਪਰਵਿੰਦਰ
ਰਮਜ਼ਾਨ
ਵਜ਼ੀਰ

ਸਥਾਨ : ਬੰਬਈ

ਸੰਨ : 1974

ਸਮਾਂ : ਸੂਰਜ ਡੁੱਬਣ ਤੋਂ ਬਾਅਦ

ਪਰਦਾ ਉੱਠਣ ਸਮੇਂ ਦ੍ਰਿਸ਼ :

ਜੇਲ੍ਹ ਦੀ ਇਕ ਕੋਠੜੀ, ਸੀਖਾਂ ਪਿੱਛੇ ਚਾਲੀ ਕੁ ਸਾਲਾਂ ਦਾ ਸੌਲੇ ਰੰਗ, ਉੱਚੇ ਕਦ ਅਤੇ ਪਤਲੇ ਅੰਗਾਂ ਵਾਲਾ ਬੰਦਾ ਡੂੰਘੀ ਉਦਾਸੀ ਭਰੀ ਸੋਚ ਵਿਚ ਖੜਾ ਹੈ। ਉਹ ਇਕੋ ਤਾੜੇ ਅਸਮਾਨ ਵਲ ਤਕ ਰਿਹਾ ਹੈ ਜਿਵੇਂ ਕੋਈ ਔਲੀਆ ਇਲਹਾਮ ਦੀ ਮੁਦਰਾ ਵਿਚ ਹੁੰਦਾ ਹੈ।

ਬਾਹਰ ਇਕ ਅਧਖੜ ਪਹਿਰੇਦਾਰ ਮੋਢੇ ਤੇ ਬੰਦੂਕ ਰੱਖੀ ਕੈਦੀ ਦਾ ਧਿਆਨ ਆਪਣੇ ਵਲ ਖਿਚਣ ਲਈ ਪੈਰ ਥਪ ਥਪ ਮਾਰਦਾ ਹੋਇਆ ਅੱਗੇ ਪਿੱਛੇ ਘੁੰਮ ਰਿਹਾ ਹੈ, ਪਰ ਕੈਦੀ ਅਹਿਲ ਖੜਾ ਹੈ, ਪਹਿਰੇਦਾਰ ਦੀਆਂ ਅਸਧਾਰਨ ਹਰਕਤਾਂ ਤੋਂ ਅਨਗਹਿਲ।

ਪਹਿਰੇਦਾਰ : (ਬੰਦੂਕ ਦੇ ਸਹਾਰੇ ਖੜੋ ਕੇ ਆਪਣੇ ਆਪ) ਸੁਣਿਐ ਇਹ ਕੈਦੀ ਕਰੋੜ ਪਤੀ ਐ। (ਉਂਗਲਾਂ ਨਾਲ ਗਿਣਦਾ ਹੋਇਆ) ਕਾਈ, ਦਹਾਈ, ਸੈਂਕੜਾ, ਹਜ਼ਾਰ, ਦੋਹ ਹਜ਼ਾਰ, ਕਰੋੜ—ਹੈਂ ਕਰੋੜ ਪਤੀ! (ਉਸ ਵਲ ਦੇਖਦਾ ਹੋਇਆ) ਦੇਖਣ ਨੂੰ ਤਾਂ ਅਸਲੋਂ ਸਾਧਾਰਣ ਬੰਦਾ ਲਗਦਾ। ਪਰ ਕਹਿੰਦੇ ਨੇ ਗਰੀਬਾਂ ਦਾ ਬਹੁਤ ਖੈਰ ਖਾਹ ਐ। ਕਈ ਦਫਾ ਲਾਲ ਗੋਦੜੀ ਚ' ਲੁਕਿਆ ਹੁੰਦੈ, ਜਿੱਦਾਂ ਕੌਲ ਫੁਲ ਚਿਕੱੜ' ਚ। ਖੌਰੇ ਮੇਰੀ ਕਿਸਮਤ ਨੂੰ ਜੇਲ੍ਹ 'ਚ ਆ ਗਿਐ। ਜਨਮਾਂ ਜਨਮਾਤਰਾਂ ਦੇ ਦਲਿੱਦਰ ਟੁਟ ਜਾਣ ਜੇਕਰ——(ਕਿਸੇ ਦੇ ਉੱਚੀ

ਉੱਚੀ ਹੱਸਣ ਦੀ ਆਵਾਜ਼ ਸੁਣ ਕੇ) ਇਹ ਕੌਣ ਬੇਹੂਦਾ ਹਸ ਰਿਹਾ, ਨਾਲੇ ਗਾ ਰਿਹਾ —

ਚਲਤੀ ਕੋ ਗਾਡੀ ਕਹੇਂ
ਬਨੇ ਦੁਧ ਕੋ ਖੋਯਾ
ਰੰਗੀ ਕੋ ਨਾ ਰੰਗੀ ਕਹੇਂ
ਦੇਖ ਕਬੀਰਾ ਰੋਯਾ।

ਏਹ ਕੇਹਨੂੰ ਭਿਉਂ ਭਿਉਂ ਕੇ ਲਾ ਰਿਹਾ ? ਕੀ ਮੈਨੂੰ ? ਨਹੀਂ ਜਮਾਨੇ ਨੂੰ। ਕੀ ਇਹਨੇ ਮੇਰੀਆਂ ਗੱਲਾਂ ਸੁਣ ਲਈਆਂ ? ਮੈਂ ਵੀ ਤਾਂ ਪਾਗਲ ਆਂ, ਆਪ ਮੁਹਾਰਾ ਬੋਲੀ ਜਾਂਦਾਂ ਪਹਿਰ ਭਰ ਦਾ। ਪਰ ਕੋਈ ਨਾਜਾਇਜ਼ ਗਲ ਤਾਂ ਨਹੀਂ ਕੀਤੀ, ਦਿਲ ਦਾ ਉਬਾਲ ਹੀ ਮੂੰਹ ਤੇ ਆ ਰਿਹਾ ਸੀ, ਭੁੱਖੇ ਬੰਦੇ ਦੀ ਮਤ ਕਿਥੇ ਟਕਾਣੇ ਰਹਿੰਦੀ ਐ। (ਵਿੜਕ ਸੁਣ ਕੇ) ਸ਼ੈਦ ਕੋਈ ਆ ਰਿਹਾ। ਕਿਤੇ ਦਰੋਗਾ ਨਾ ਹੋਵੇ ! (ਸਾਵਧਾਨ ਹੁੰਦਾ ਹੋਇਆ) ਸਾਡੀ ਸਰਕਾਰ ਨੇ ਸਮਗਲਰਾਂ ਦਾ ਬੀ ਨਾਸ ਕਰਨ ਦਾ ਤਹੱਈਆ ਕੀਤਾ ਹੋਇਐ। ਕਾਲਾ ਧੰਦਾ ਕਰਨ ਵਾਲੇ ਦੇਸ ਦੇ ਦੁਸਮਣ ਨੇ। ਸਰਕਾਰ ਉਨ੍ਹਾਂ ਦਾ ਚੰਗੀ ਤਰ੍ਹਾਂ ਮੱਕੂ ਠੱਪੂ।

ਆਵਾਜ਼ : ਸੱਜਨ ਜੀ, ਇਹ ਗੁਨਾਹ ਹੈ ਕਿ ਦੇਸ ਧਰੋਹ ?

ਪਹਿਰੇਦਾਰ : ਇਹ ਤਾਂ ਮੈਂ ਕਦੇ ਸੋਚਿਆ ਨਹੀਂ।

ਆਵਾਜ਼ : ਤੂੰ ਸੋਚ ਵੀ ਨਹੀਂ ਸਕਦਾ।

ਪਹਿਰੇਦਾਰ : ਕਿਉਂ ਨਹੀਂ ਸੋਚ ਸਕਦਾ, ਮੈਂ ਕੋਈ ਪਾਗਲ ਆਂ !

ਆਵਾਜ਼ : ਕਿਉਂਕਿ ਅਕਲ ਦੀ ਥਾਂ ਤੇਰੀ ਖੋਪਰੀ 'ਚ ਲੋਭ ਦਾ ਕੀੜਾ ਵੜਿਆ ਹੋਇਆ।

ਪਹਿਰੇਦਾਰ : ਤੂੰ ਕੌਣ ਹੁੰਦਾ ਮੈਨੂੰ ਕੋਸਣ ਵਾਲਾ ?

ਆਵਾਜ਼ : ਤੇਰਾ ਸ਼ੁਭ ਚਿੰਤਕ ਦੀਵਾਨਾ ਪੰਜਾਬੀ।

ਪਹਿਰੇਦਾਰ : ਹੱਤ ਤੇਰੇ ਦੀ ! ਮੇਰੀ ਜਾਨ ਈ ਕਢ ਦਿੱਤੀ ਸੀ।
ਏਸ ਦੀਵਾਨੇ ਦੇ ਬੱਚੇ ਨੇ ਮੈਨੂੰ ਬੇਹਦ ਜਿਚ ਕੀਤਾ ਹੋਇਆ, ਹਰ ਵਕਤ ਠੱਠਾ ਮਖੌਲ, ਕਮਬਖਤ ਕਿਸੇ ਤੋਂ ਨਹੀਂ ਡਰਦਾ।

ਦੀਵਾਨਾ : ਡਰੇ ਉਹ ਜਿਹਨੇ ਕੋਈ ਪਾਪ ਕੀਤਾ ਹੋਵੇ। ਬਹੁਤਾ ਝੁਕ ਕੇ ਉਹੋ ਮੱਥਾ ਟੇਕਦੇ ਨੇ ਜਿਹੜੇ ਬਹੁਤੇ ਪਾਪ ਕਮਾਂਦੇ ਨੇ।



ਪਹਿਰੇਦਾਰ : ਫੇਰ ਤੂੰ ਇਥੇ ਤੀਰਥ ਯਾਤਰਾ ਕਰਨ ਆਇਆਂ ?

ਦੀਵਾਨਾ : ਮੈਂ ਮਨਸੂਰ ਵਾਂਗ ਸਚ ਬੋਲਣ ਦੀ ਸਜ਼ਾ ਭੁਗਤਣ ਆਇਆਂ।

ਪਹਿਰੇਦਾਰ : ਮੂੰਹ ਫਟ ਹੋਣ ਦੀ।

ਦੀਵਾਨਾ : ਮੂੰਹ ਆਈ ਬਾਤ ਨਾ ਰਹਿੰਦੀ ਏ
ਝੂਠ ਆਖਾਂ ਤਾਂ ਕੁਝ ਬਚਦਾ ਏ
ਸਚ ਆਖਿਆਂ ਭਾਂਬੜ ਮਚਦਾ ਏ
ਜੀ ਦੋਹਾਂ ਗੱਲਾਂ ਤੋਂ ਜਚਦਾ ਏ
ਜਚ ਜਚ ਕੇ ਜੀਭਾ ਕਹਿੰਦੀ ਏ
ਮੂੰਹ ਆਈ ਬਾਤ ਨਾ ਰਹਿੰਦੀ ਏ।

ਪਹਿਰੇਦਾਰ : ਇਹਨੂੰ ਪਿਛਲੀ ਕੋਠੜੀ ਅੰਦਰ ਡੱਕਾਂ ਤਾਂ ਗਲ ਬਣੂ।

ਦੀਵਾਨਾ : ਭਾਵੇਂ ਧਰਤੀ ਹੇਠ ਕਰਦੇ, ਸਚ ਦੀ ਆਵਾਜ਼ ਫੇਰ ਵੀ ਗੂੰਜੇਗੀ। ਜੇਲ੍ਹ ਦੀਆਂ ਕੰਧਾਂ ਰੂਹ ਨੂੰ ਕੈਦ ਨਹੀਂ ਕਰ ਸਕਦੀਆਂ। ਬੁਲ੍ਹੇ ਸ਼ਾਹ ਨੇ ਖੂਬ ਕਿਹਾ ਏ।

ਪਹਿਰੇਦਾਰ : ਕੀ ਕਿਹੈ ?

ਦੀਵਾਨਾ : ਹਮ ਬੇਕੈਦ ਮਨ ਬੇਕੈਦ
ਨਾ ਰੋਗੀ ਨਾ ਵੈਦ
ਨਾ ਮੈਂ ਮੋਮਨ ਨਾ ਮੈਂ ਕਾਫ਼ਰ
ਨਾ ਮੁੱਲਾਂ ਨਾ ਸੈਦ
ਬੁਲ੍ਹਾ ਸੌਹ ਦੀ ਜ਼ਾਤ ਕੀ ਪੁਛਨੈਂ
ਨਾ ਪੈਦਾ ਨਾ ਪੈਦ।

ਪਹਿਰੇਦਾਰ : ਬਕੀ ਜਾਏ ਮੇਰਾ ਕੀ ਲੈਂਦਾ ! (ਬੁੜ ਬੁੜਾਂਦਾ ਹੋਇਆ ਉਸ ਤੋਂ ਦੂਰ ਜਾਕੇ ਕੈਦੀ ਵਲ ਦੇਖਦਾ ਹੈ) ਇਹ ਕਿਸ ਨਾਲ ਗੱਲਾਂ ਕਰਦਾ ? ਆਪਣੇ ਆਪ ਨਾਲ ? ਜ਼ਰੂਰ ਕੋਈ ਕਸਰ ਐ।

ਕੈਦੀ : ਜੇਲ੍ਹ ਵੀ ਅਜੀਬ ਦੁਨੀਆਂ ਹੈ ! ਤਰ੍ਹਾਂ ਤਰ੍ਹਾਂ ਦੇ ਇਖਲਾਕੀ ਕੈਦੀ, ਵਖੋ ਵਖ ਜੁਰਮਾਂ ਵਿਚ ਫਸੇ ਹੋਏ ਬੰਦੇ। ਇਨਸਾਨ ਆਖਰ ਕਿਉਂ ਜੁਰਮ ਕਰਦਾ ? ਉਹ ਪੇਟ ਖਾਤਰ ਗ਼ਲਤ ਰਸਤਾ ਅਖਤਿਆਰ ਕਰਦਾ ਜਾਂ ਚੌਗਿਰਦਾ ਉਸ ਨੂੰ ਗੁਨਾਹ ਕਰਨ ਲਈ ਮਜਬੂਰ ਕਰਦਾ ? ਮੈਨੂੰ ਏਸ ਰਸਤੇ ਵਲ ਧਕੇਲਣ ਦਾ ਕੌਣ ਜ਼ੁੰਮੇਵਾਰ ਹੈ ? ਕੋਈ ਦਸ ਸਕਦਾ ?

ਪਹਿਰੇਦਾਰ : (ਆਪ ਮੁਹਾਰੇ) ਹਾਂ ! ਸਮਾਜ।

ਕੈਦੀ : ਉਫ ! ਇਹ ਕਮਬਖਤ ਫੇਰ ਆ ਧਮਕਿਆ । ਇਸ ਨੂੰ ਕੋਈ ਕਸਰ ਹੈ, ਪਾਗਲਾਂ ਦੀ ਤਰ੍ਹਾਂ ਹਰਕਤਾਂ ਕਰ ਰਿਹਾ ।

ਪਹਿਰੇਦਾਰ : (ਆਪਣੇ ਆਪ) ਸੁਣਿਐ, ਇਹਨੇ ਕਈ ਯਤੀਮਖਾਨੇ, ਕਈ ਵਿਧਵਾ ਆਸ਼ਰਮ ਖੋਲ ਰਖੇ ਐ । ਹੇ ਬੰਸੀ ਵਾਲੇ ਜੇ ਮੇਰੇ ਤੇ ਨਜ਼ਰ ਸਵੱਲੀ ਹੋ ਜਾਏ ਤਾਂ ਪ੍ਰਸ਼ਾਦ ਚੜ੍ਹਾਵਾਂਗਾਂ ਤੇਰੇ ਦੁਆਰੇ ।

ਕੈਦੀ : ਪਹਿਰੇਦਾਰਾ, ਤੂੰ ਕਿਆ ਕਹਿਣਾ ਚਾਹੁੰਦਾ ।

ਪਹਿਰੇਦਾਰ : ਹਾਜੀ ਸਾਹਬਾ ਮੈਂ—ਮੈਂ——

ਹਾਜੀ : ਦਸ, ਦਸ !

ਪਹਿਰੇਦਾਰ : ਮੈਂ ਸੁਣਿਐ, ਤੁਸੀ ਹਾਤਮਤਾਈ ਦਾ ਅਵਤਾਰ ਧਾਰ ਕੇ ਆਏ ਓ ।

ਹਾਜੀ : ਤੂੰ ਬਿਲਕੁਲ ਗਲਤ ਸੁਣਿਐ । ਮੈਂ ਤਾਂ ਯਤੀਮ ਪੈਦਾ ਹੋਇਆ ਸੀ ।

ਪਹਿਰੇਦਾਰ : (ਬਿਨਾ ਸੁਣੇ) : ਸੁਣਿਐ ਤੁਸੀਂ ਮਹਾਂਦਾਨੀ, ਪਰਉਪਕਾਰੀ, ਗਰੀਬਾਂ ਦੇ ਖੈਰ ਖਾਹ ਓ ।

ਹਾਜੀ : ਪਹਿਰੇਦਾਰਾ, ਇਸ ਵਕਤ ਤਾਂ ਮੈ ਇੱਦਾਂ ਮਹਿਸੂਸ ਕਰਦਾਂ, ਜਿੱਦਾਂ ਮਾਂ ਦੇ ਪੇਟ ਚੋਂ ਨਿਤਾਨਾ ਨਿਮਾਣਾ ਖਾਲੀ ਹਥ ਪੈਦਾ ਹੋਇਆ ਹੁੰਦਾਂ ।

ਪਹਿਰੇਦਾਰ : ਇਹ ਤਾਂ ਚੰਦ ਦਿਨਾਂ ਦੀ ਖੇਡ ਐ । ਕਰੋੜਾਂ ਪਤੀਆਂ ਨੂੰ ਕੌਣ ਜੰਮਿਆ ਕੈਦ ਕਰਨ ਵਾਲਾ ।

ਹਾਜੀ : ਹਨੇਰੇ ਵਿਚ ਪਰਛਾਵਾਂ ਵੀ ਸਾਥ ਛਡ ਜਾਂਦਾ ਹੈ ! ਅਜ ਕੋਈ ਵੀ ਨਹੀਂ ਬਹੁੜਿਆ । ਬੀਵੀ ਵੀ ਮੁਲਾਕਾਤ ਲਈ ਨਹੀਂ ਆਈ ।

ਪਹਿਰੇਦਾਰ : ਅਜ ਖਾਸ ਗਲ ਐ ।

ਹਾਜੀ : ਕਿਆ ਖਾਸ ਗਲ ਐ ?

ਪਹਿਰੇਦਾਰ : ਜਿੱਦਣ ਦੀ ਤੁਸੀਂ ਧਮਕੀ ਦਿੱਤੀ ਐ ।

ਹਾਜੀ : ਕਿਹੜੀ ਧਮਕੀ ?

ਪਹਿਰੇਦਾਰ : ਏਹੋ ਬੜੇ ਬੜੇ ਲੋਕਾਂ ਦੇ ਪੋਲ ਖੋਲਣ ਦੀ, ਬਸ ਭਾਜੜਾਂ ਪਈਆਂ ਸਰਕਾਰੇ ਦਰਬਾਰੇ । ਦਾਗੀ ਲੋਕ ਆਪਣੀ ਇਜ਼ਤ ਖਾਤਰ ਤੁਹਾਨੂੰ ਰਿਹਾ ਕਰਾਣਗੇ । ਤੁਸੀ ਭੋਰਾ ਫਿਕਰ ਨਾਕਰੋ, ਬਸ ਮੇਰਾ ਧਿਆਨ ਰਖਣਾ ।

ਹਾਜੀ : ਪਹਿਰੇਦਾਰਾ, ਕਿੰਨੇ ਬੱਚੇ ਨੇ ਤੇਰੇ ?



ਪਹਿਰੇਦਾਰ : ਜੀ ਕੁਲ ਸਤ !

ਹਾਜੀ : (ਮੁਸਕ੍ਰਾਂਦਾ ਹੋਇਆ) ਸਖਤ ਮਹਿੰਗਾਈ ਦੇ ਜ਼ਮਾਨੇ ਵਿਚ ਕੁਲ ਸਤ ਬੱਚੇ ?

ਪਹਿਰੇਦਾਰ : ਜੀ, ਪਰਮਾਤਮਾਂ ਦੀ ਮਿਹਰ ਹੈ ।

ਹਾਜੀ : ਪਰਮਾਤਮਾਂ ਦੀ ਗਰੀਬਾਂ ਉਤੇ ਐਨੀ ਮਿਹਰ ਕਿਉਂ ਹੁੰਦੀ ਹੈ ?

ਪਹਿਰੇਦਾਰ : ਜੀ, ਗਰੀਬ ਰਬ ਦੀ ਭਗਤੀ ਬਹੁਤ ਕਰਦੇ ਨੇ ।

ਹਾਜੀ : (ਹਸਦਾ ਹੋਇਆ) ਤਨਖਾਹ ਕਿਤਨੀ ਹੈ ਤੇਰੀ ?

ਪਹਿਰੇਦਾਰ : ਜੀ, 332 ਰੁਪਏ 15 ਪੈਸੇ ।

ਹਾਜੀ : ਬਸ ! ਹੋਰ ਕੋਈ ਆਮਦਨ ?

ਪਹਿਰੇਦਾਰ : ਸੋ ਪੰਜਾਹ ਮੁਲਾਕਾਤੀਆਂ ਵਲੋਂ ਬਖਸ਼ੀਸ਼ ਦੇ ਹੋ ਜਾਂਦੇ ਐ ।

ਹਾਜੀ : ਇੰਨੀ ਥੋੜੀ ਰਕਮ ਨਾਲ ਗੁਜ਼ਾਰਾ ਕਿੱਦਾ ਕਰਦੈਂ ।

ਪਹਿਰੇਦਾਰ : ਇਕ ਟੁੱਟੀ ਫੁੱਟੀ ਖੋਲੀ 'ਚ ਦਿਨ ਕਟੀ ਕਰਦਾਂ ।

ਹਾਜੀ : ਜੇਲ੍ਹ ਅੰਦਰ ਕੁਆਟਰ ਨਹੀਂ ਮਿਲਿਆ ?

ਪਹਿਰੇਦਾਰ : ਜੀ ਨਹੀਂ, ਥੋੜਾ ਚਿਰ ਹੋਇਆ ਭਰਤੀ ਹੋਏ ਨੂੰ ।

ਹਾਜੀ : ਪਹਿਲਾਂ ਕਿਆ ਕਰਦਾ ਸੀ ?

ਪਹਿਰੇਦਾਰ : ਜੀ, ਕੁਲੀ ਦਾ ਕੰਮ ਫੇਰ ਜੇਲਰ ਦੇ ਭਾਂਡੇ ਮਾਂਜਣ ਲਗ ਗਿਆ ।

ਹਾਜੀ : ਹੂੰ ! ਪਹਿਰੇਦਾਰਾ, ਮੈਂ ਵੀ ਤੇਰੇ ਵਾਂਗ ਇਕ ਟੁੱਟੀ ਫੁੱਟੀ ਖੋਲੀ ਵਿਚ ਜੰਮਿਆ ਪਲਿਆਂ । ਮੈਨੂੰ ਤੇਰੇ ਨਾਲ ਮੁਹੱਬਤ ਹੋ ਗਈ ਹੈ । ਦਸ ਤੈਨੂੰ ਕਿਤਨੇ ਰੁਪਏ ਚਾਹੀਦੇ ਹੈਨ ।

ਪਹਿਰੇਦਾਰ : ਮੇਹਰਬਾਨ, ਪੰਜ ਸੱਤ ਸੋ ਦੇ ਦਿਉ । ਦੁਆਵਾਂ ਦੇਵਾਂਗਾ ।

ਹਾਜੀ : ਬਸ ! (ਹਉਕਾ ਭਰਕੇ) ਗਰੀਬ ਆਦਮੀ ਲੰਮੀ ਛਾਲ ਵੀ ਨਹੀਂ ਮਾਰ ਸਕਦਾ !

ਪਹਿਰੇਦਾਰ : ਪਰ ਹਾਜੀ ਸਾਹਬ, ਤੁਸੀਂ ਤਾਂ ਅਜ ਕਲ ਖਾਲੀ ਹਥ ਓ ।

ਹਾਜੀ : ਪਹਿਰੇਦਾਰਾ, ਅੱਗੇ ਵੀ ਮੈਂ ਆਪਣੇ ਪਾਸ ਕੁਝ ਨਹੀਂ ਰਖਦਾ । ਸਾਡਾ ਸਾਰਾ ਹਿਸਾਬ ਕਿਤਾਬ ਮੂੰਹ ਜ਼ਬਾਨੀ ਚਲਦਾ । ਸਾਡੇ ਧੰਦੇ ਵਿਚ ਕੋਈ ਹੇਰਾ ਫੇਰੀ ਨਹੀਂ, ਕੋਈ ਬੇਈਮਾਨੀ ਨਹੀਂ । ਫੜਾ ਕਾਗਜ਼ ਪੈਨਸਲ ।

ਪਹਿਰੇਦਾਰ ; (ਖੀਸੇ ਵਿਚੋਂ ਕੱਢ ਕੇ) ਆਹ ਲਓ ਜੀ ।

ਹਾਜੀ : (ਕੁਝ ਝਰੀਟ ਕੇ) ਲੈ ਫੜ, ਕਲੂ ਨੂੰ ਇਹ ਚਿਟ ਵਰਲੀ ਸਟੇਸ਼ਨ ਨਜ਼ਦੀਕ ਫਰੇਂਡਜ਼ ਹੋਟਲ ਦੇ ਮਾਲਕ ਨੂੰ ਦਿਖਾ ਕੇ ਦਸ ਹਜ਼ਾਰ ਲੈ ਆਵੀਂ !

ਪਹਿਰੇਦਾਰ : ਹੈਂ ! ਦਸ ਹਜ਼ਾਰ !!

(ਅੱਖਾਂ ਅੱਡੀ ਘੜੀ ਮੁੜੀ ਪਰਚੀ ਵਲ ਦੇਖਦਾ ਹੈ ।)

ਹਾਜੀ : ਖੁਸ਼ੀ ਨਾਲ ਪਾਗਲ ਨਾ ਹੋ ਜਾਵੀਂ । ਜਾਹ ਦਰੋਗੇ ਨੂੰ ਬੁਲਾ ਕੇ ਲਿਆ ।

ਪਹਿਰੇਦਾਰ : ਹੁਣੇ ਜਾਨਾਂ ਹਾਂ ਜੀ । (ਰੁਕ ਕੇ) ਪਰ ਜਨਾਬ, ਤੁਹਾਨੂੰ ਥੋੜਾ ਚਿਰ ਹੋਰ ਉਡੀਕਣਾ ਪਊ ।

ਹਾਜੀ : ਉਹ ਕਿਉਂ ?

ਪਹਿਰੇਦਾਰ : ਕੋਈ ਨੇਤਾ ਜੇਲ੍ਹ ਦੇਖਣ ਆ ਰਿਹਾ ।

ਹਾਜੀ : ਇਸੇ ਕਰਕੇ ਮੁਲਾਕਾਤੀਆਂ ਨੂੰ ਰੋਕਿਆ ਹੋਇਐ ?

ਪਹਿਰੇਦਾਰ : ਸ਼ੈਦ ਇਸੇ ਕਰਕੇ । ਦਰ ਅਸਲ ਹਾਜੀ ਸਾਹਬ ਬਾਹਰ ਜਨਤਾ ਨੇ ਬਹੁਤ ਰੌਲਾ ਗੌਲਾ ਮਚਾਇਆ ਹੋਇਐ ।

ਹਾਜੀ : ਕਿਸ ਬਾਤ ਦਾ ?

ਪਹਿਰੇਦਾਰ : ਬਸ ਇਹੋ ਕਿ ਜੇਲ੍ਹ ਵਾਲੇ ਹਾਜੀ ਸਾਹਿਬ ਦਾ ਖਾਸ ਲਿਹਾਜ਼ ਕਰਦੇ ਐ, ਸਖਤੀ ਨਹੀਂ ਕਰਦੇ ।

ਹਾਜੀ : ਇਨ੍ਹਾਂ ਲੀਡਰਾਂ ਨੂੰ ਅਪਨੀਆਂ ਕਰਤੂਤਾਂ ਭੁਲ ਗਈਆਂ । (ਗੁੱਸੇ ਨਾਲ) ਬੇਈਮਾਨ ! ਪਖੰਡੀ !

ਦਰੋਗਾ ਨੂੰ ਆਉਂਦਾ ਦੇਖ ਕੇ ਝਟ ਪਟ ਮੋਢੇ ਤੇ ਬੰਦੂਕ ਰਖ ਕੇ ਜੋਸ਼ ਨਾਲ ਲੈਫਟ ਰਾਈਟ ਕਰਨ ਲਗ ਜਾਂਦਾ ਹੈ ।

ਦਰੋਗਾ : (ਅਦਬ ਨਾਲ) ਹਾਜੀ ਸਾਹਿਬ, ਅਜ ਕੁਝ ਜ਼ਿਆਦਾ ਪਰੇਸ਼ਾਨ ਮਲੂਮ ਹੁੰਦੇ ਓ ?

ਹਾਜੀ : ਨਹੀ, ਪਰੇਸ਼ਾਨੀ ਕਿਸ ਬਾਤ ਦੀ, ਤੁਹਾਡੀ ਮੇਹਰਬਾਨੀ ਨਾਲ ਸਭ ਕੁਝ ਮਿਲ ਰਿਹਾ । ਬਲਕਿ ਲੰਮੀ ਦੌੜ ਧੂਪ ਤੋਂ ਬਾਅਦ ਚੰਦ ਦਿਨਾਂ ਲਈ ਮੁਕੰਮਲ ਆਰਾਮ ਮਿਲ ਗਿਆ ਹੈ ਇੱਥੇ ।

ਦਰੋਗਾ : ਦਰੁਸਤ ਫਰਮਾਂਦੇ ਹੋ ।



ਹਾਜੀ : ਦਰੋਗਾ ਸਾਹਬ, ਖਾਣਾ ਤਾਂ ਦਰ ਕਿਨਾਰ, ਸ਼ਾਮ ਦੀ ਚਾਹ ਦੀ ਨਹੀਂ ਪਹੁੰਚੀ ਅਜੇ ।

ਦਰੋਗਾ : ਥੋੜੀ ਦੇਰ ਹੋਰ ਇੰਤਜ਼ਾਰ ਕਰਨੀ ਪਵੇਗੀ, ਕੋਈ ਲੀਡਰ ਜੇਲ੍ਹ ਵੇਖਣ ਆ ਰਿਹਾ ।

ਹਾਜੀ : ਕਿਆ ਨਾਮ ਹੈ ਉਸਦਾ ?

ਦਰੋਗਾ : ਜਨਾਬ, ਨਾਮ ਦਾ ਪਤਾ ਨਹੀਂ ਲਗ ਸਕਿਆ, ਜੇਲ੍ਹਰ ਸਾਹਿਬ ਨੂੰ ਫੋਨ ਆਇਆ ਸੀ ਉਪਰੋਂ । ਹਾਜੀ ਸਾਹਿਬ, ਸਾਡੀ ਅਜ ਕਲ ਸ਼ਾਮਤ ਆਈ ਹੋਈ ਹੈ । ਲੋਕਾਂ ਨੇ ਸ਼ੋਰੋ ਗੁਲ ਮਚਾਇਆ ਹੋਇਆ । ਅਖਬਾਰਾਂ ਵਿਚ ਤਰ੍ਹਾਂ ਤਰ੍ਹਾਂ ਦੀਆਂ ਖ਼ਬਰਾਂ ਛਾਇਆ ਹੋ ਰਹੀਆਂ ।

ਹਾਜੀ : ਅਖਬਾਰ ਵੀ ਤਾਂ ਬੜੇ ਬੜੇ ਸਰਮਾਏਦਾਰਾਂ ਦੇ ਨੇ । ਜਿਹੜੀ ਗਲ ਮਾਲਕਾਂ ਨੂੰ ਪਸੰਦ ਹੈ ਉਹੋ ਛਪਦੀ ਹੈ ।

ਦਰੋਗਾ : ਬਿਲਕੁਲ ਠੀਕ ਕਹਿੰਦੇ ਓ ।

ਪਹਿਰੇਦਾਰ : (ਹੌਲੀ) ਜਨਾਬ, ਨੇਤਾ ਜੀ ਆ ਰਹੇ ਨੇ ।

ਹਾਜੀ : (ਉੱਚੀ) ਇਸ ਸ਼ਹਿਰ ਦਾ ਕਿਹੜਾ ਨੇਤਾ ਹੈ ਜਿਸ ਨੇ ਰਾਤ ਵਕਤ ਮੇਰੇ ਅੱਗੇ ਹਥ ਨਹੀਂ ਅੱਡੇ, ਮੱਥੇ ਨਹੀਂ ਰਗੜੇ । ਰਾਤ ਨੂੰ ਭਿਖਾਰੀ ਤੇ ਦਿਨੇ ਲੋਕਾ ਦੇ ਅੰਨ ਦਾਤਾ ! ਹੂੰ ! ਜ਼ਲੀਲ ਸ਼ਖਸ਼ ! ਫਰੇਬੀ !

ਦਰੋਗਾ : ਜ਼ਰਾ ਹੌਲੀ, ਸੁਣ ਲਏਗਾ ।

ਹਾਜੀ : ਸੁਣਾ ਹੀ ਤਾਂ ਰਿਹਾਂ । ਉਲਟਾ ਇਨ੍ਹਾਂ ਲੋਕਾਂ ਨੂੰ ਮੈਥੋਂ ਡਰ ਲਗ ਰਿਹਾ ।

ਪਹਿਰੇਦਾਰ ਸਲੂਟ ਮਾਰਦਾ ਹੈ । ਦਰੋਗਾ ਝੁਕ ਕੇ ਸਲਾਮ ਕਰਦਾ ਹੈ । ਇਕ ਸਫੈਦ ਪੋਸ਼ ਸਾਹਮਣੇ ਆਉਂਦਾ ਹੈ ।

ਬੰਦਾ : ਅੱਛਾ, ਇਹ ਨੇ ਮਸ਼ਹੂਰੋ ਮਹਿਰੂਫ ਹਸਤੀ ਹਾਜੀ ਮਿਰਜ਼ਾ ਸੁਲਤਾਨ ।

ਦਰੋਗਾ : ਜੀ ਹਾਂ ।

ਹਾਜੀ : (ਦਰੋਗੇ ਨੂੰ ਜਾਣ ਦਾ ਇਸ਼ਾਰਾ ਕਰਦਾ ਹੋਇਆ) ਫਰਮਾਓ ।

ਬੰਦਾ : ਹਾਜੀ ਸਾਹਿਬ, ਸਲਾਮ ਤਾਂ ਕਬੂਲ ਕਰੋ ।

ਹਾਜੀ : (ਗੰਭੀਰਤਾ ਨਾਲ ਮੁਸਲਮਾਨੀ ਢੰਗ ਨਾਲ) ਆਦਾਬ ।

ਬੰਦਾ : ਹਾਜੀ ਸਾਹਿਬ,ਨਰਾਜ਼ ਹੋ ਕਿਆ ?

ਹਾਜੀ : (ਬੇਪਰਵਾਹੀ ਨਾਲ) ਬਿਲਕੁਲ ਨਹੀਂ ।

ਬੰਦਾ : ਫੇਰ ਇਹ ਦਸੋ, ਜੇਲ੍ਹ ਅੰਦਰ ਕਿਸ ਤਰ੍ਹਾਂ ਮਹਿਸੂਸ ਕਰਦੇ ਹੋ ?

ਹਾਜੀ : ਜਨਾਬ, ਮੇਰੇ ਵਾਸਤੇ ਇਹ ਕੋਈ ਨਵੀਂ ਜਗ੍ਹਾ ਨਹੀਂ । (ਮੁਸਕ੍ਰਾਂਦਾ ਹੋਇਆ) ਮੈਨੂੰ ਤਾਂ ਇਹ ਸੁਸਰਾਲ ਦੇ ਘਰ ਦੀ ਮਾਨਦ ਲਗਦਾ । ਮੈਂ ਇਸ ਤੋਂ ਕਿਤੇ ਬੁਰੇ ਦਿਨ ਦੇਖੇ ਹੋਏ ਨੇ ।

ਬੰਦਾ : ਖੂਬ ! ਕੀ ਤੁਸੀ ਕੋਈ ਬਿਆਨ ਦੇਣਾ ਪਸੰਦ ਕਰੋਗੇ ?

ਹਾਜੀ : ਕਿਆ ਮੈਂ ਪੁਛਣ ਦੀ ਗੁਸਤਾਖੀ ਕਰ ਸਕਦਾਂ ਕਿ ਤੁਸੀਂ ਕੌਣ ਹੋ ?

ਬੰਦਾ : ਮੈਂ ਇਕ ਪ੍ਰੈਸ ਰਿਪੋਟਰ ਹਾਂ ।

ਹਾਜੀ : ਹੂੰ ! ਸਮਝ ਗਿਆ । (ਹਲਕੇ ਰਉਂ ਵਿਚ) ਰਿਪੋਰਟਰ ਸਾਹਬ, ਬਿਆਨ ਦੇਣ ਦਾ ਕੋਈ ਫਾਇਦਾ ਨਹੀਂ ।

ਰਿਪੋਰਟਰ : ਕਿਉਂ ਨਹੀਂ ?

ਹਾਜੀ : ਤੁਸੀ ਆਪਣੇ ਮਾਲਕਾਂ ਨੂੰ ਖੁਸ਼ ਕਰਨ ਲਈ ਬਿਆਨ ਮਰੋੜ ਤਰੋੜ ਕੇ ਛਾਪੋਗੇ ।

ਰਿਪੋਰਟਰ : ਹਾਜੀ ਸਾਹਿਬ, ਮੈਂ ਫਰੀ ਲਾਂਨਸਰ ਹਾਂ । ਕਿਸੇ ਦਾ ਗੁਲਾਮ ਨਹੀਂ । ਮੈਂ ਜ਼ਮੀਰ ਨਹੀਂ ਵੇਚੀ ਹੋਈ ।

ਹਾਜੀ : (ਹਮਦਰਦੀ ਨਾਲ) ਇਸੇ ਕਰਕੇ ਜ਼ਿੰਦਗੀ ਦੀ ਚੱਕੀ ਵਿਚ ਪਿਸ ਰਹੇ ਓ ।

ਰਿਪੋਰਟਰ : ਯਕੀਨ ਕਰੋ ਤੁਹਾਡੇ ਖਿਆਲਾਤ ਮੈਂ ਹੂਬਹੂ ਸ਼ਾਇਆ ਕਰਵਾਵਾਂਗਾਂ । ਜਾਗੀ ਹੋਈ ਜਨਤਾ ਅਜ ਅਸਲੀਅਤ ਜਾਨਣ ਲਈ ਕਾਹਲੀ ਹੈ ।

ਹਾਜੀ : ਫੇਰ ਪੁਛੋਂ ਕਿਆ ਚਾਹੁੰਦੇ ਹੋ ?

ਰਿਪੋਰਟਰ : ਪਹਿਲਾਂ ਤੁਹਾਡੇ ਬਚਪਨ ਤੋਂ ਗ੍ਰਿਫਤਾਰ ਹੋਣ ਤਕ ਦਾ ਹਾਲ ਰਿਕਾਰਡ ਕਰਨ ਚਾਹੁੰਦਾਂ, ਲੋਕੀ ਇਹ ਭੇਦ ਜਾਨਣ ਲਈ ਬੇਹਦ ਉਤਸੁਕ ਨੇ ।

ਹਾਜੀ : (ਗਲ ਟੋਕ ਕੇ) ਕਿਹੜਾ ਭੇਦ ?

ਰਿਪੋਰਟਰ : ਇਹੋ ਕਿ ਤੁਸੀ ਕਾਲੇ ਧੰਦੇ ਵਿਚ ਕਿਸ ਤਰ੍ਹਾਂ ਫਸੇ ?

ਹਾਜੀ : ਰਿਪੋਟਰ ਸਾਹਿਬ, ਕਿਉਂ ਨਸ਼ਰ ਕਰਨ ਲੱਗੇ ਹੋ, ਢਕੀ ਰਿਝਣ ਦਿਉ ।

ਰਿਪੋਰਟਰ : ਹਾਜੀ ਸਾਹਿਬ, ਤੁਸੀ ਬਹੁਤ ਦਲੇਰ ਸੁਣੀਦੇ ਹੋ । ਅਸਲੀਅਤ ਨੂੰ ਛੁਪਾਉਣ ਦਾ



ਕਿਆ ਫਾਇਦਾ । ਅਖਬਾਰਾਂ ਵਿਚ ਰੋਜ਼ ਅਜੀਬੋ ਗਰੀਬ ਖ਼ਬਰਾਂ ਛਪਦੀਆਂ । ਗਲਤ ਫਹਿਮੀ ਵਧਦੀ ਹੈ ।

ਹਾਜੀ : ਮੇਰੇ ਬਿਆਨ ਨਾਲ ਬੜੇ ਬੜੇ ਲੀਡਰ, ਅਮੀਰ ਵਜ਼ੀਰ ਆਹਲਾ ਅਫਸਰ ਧਨ ਕੁਬੇਰ ਸਭ ਨੰਗੇ ਹੋ ਜਾਣਗੇ ।

ਰਿਪੋਰਟਰ : ਹੋਣ ਦਿਉ, ਜ਼ਰਾ ਪਰਵਾਹ ਨਾ ਕਰੋ । ਜਨਤਾ ਆਕੀ ਹੋਈ ਬੈਠੀ ਹੈ । ਭਾਰਤ ਜਵਾਲਾ ਮੁਖੀ ਦੇ ਮੂੰਹ ਅੱਗੇ ਆਇਆ ਲਗਦਾ । ਤੁਸੀ ਬਲਕਿ ਅਸਲੀਅਤ ਨੂੰ ਨੰਗਾ ਕਰਕੇ ਮੁਲਕ ਦੀ ਸੇਵਾ ਕਰੋ, ਲੋਕਾਂ ਦਾ ਵਿਸ਼ਵਾਸ਼ ਜਿੱਤੋ ।

ਹਾਜੀ : ਕਿਥੋਂ ਸ਼ੁਰੂ ਕਰਾਂ ?

ਰਿਪੋਰਟਰ : ਮੈਂ ਅਰਜ਼ ਕੀਤੀ ਹੈ ਬਚਪਨ ਤੋਂ ।

ਹਾਜੀ : ਚੰਗਾ ਫੇਰ ਗੌਰ ਨਾਲ ਦੇਖੋ ਸੁਣੋ । ਓਹ ਦੂਰ ਟੁੱਟੀ ਫੁੱਟੀ ਖੋਲੀ ਦੇਖ ਰਹੇ ਓ ?

ਰਿਪੋਰਟਰ : (ਦੂਰ ਦਿਸ ਹੱਦੇ ਵਲ ਅੱਡੀਆਂ ਚੁਕ ਕੇ ਦੇਖਦਾ ਹੋਇਆ) ਹਾਂ ।

ਬੱਤੀਆਂ ਇਕ ਦਮ ਬੁਝ ਜਾਂਦੀਆਂ ਹਨ । ਪਲ ਕੁ ਪਿਛੋਂ ਸਪਾਟ ਲਾਈਟ ਇਕ ਖਸਤਾ ਹਾਲਤ ਖੋਲੀ ਉਤੇ ਪੈਂਦੀ ਹੈ । ਇਕ ਟੁੱਟੀ ਫੁੱਟੀ ਮੰਜੀ ਉੱਤੇ ਤਪਦਿਕ ਦੀ ਮਰੀਜ਼ ਇਕ ਬੁੱਢੀ ਬੈਠੀ ਖੰਘਦੀ ਹੈ ।

ਬੁੱਢੀ : ਵੇ ਤਾਨ ਤੇਰਾ ਭਰਾ ਨਹੀਂ ਆਇਆ ?

ਸੁਲਤਾਨ : ਨਹੀਂ ਅੰਮਾਂ ।

ਬੁੱਢੀ : ਪੌਲਾ ਧੇਲੀ ਲਿਆਵੇ ਤਾਂ ਭੋਰਾ ਆਟਾ ਕੋਟਾ ਮੰਗਾਵਾਂ, ਤੈਨੂੰ ਦੋ ਮੰਨੀਆਂ ਲਾਹ ਦਿਆਂ । ਹਾਏ, ਮਾਂ ਮਰ ਜਾਏ ! ਤੂੰ ਸਵੇਰ ਦਾ ਭੁੱਖਣ ਭਾਣਾ ਬੇਠਾਂ ।

ਸੁਲਤਾਨ : ਅੰਮਾਂ, ਫਿਕਰ ਨ ਕਰ, ਮੈਨੂੰ ਭੁਖ ਲਗ ਕੇ ਮਰ ਗਈ ਐ ।

ਬੁੱਢੀ : ਹਾਏ ਮੈਨੂੰ ! ਤੂੰ ਅਜ ਖੇਲਣ ਕਿਉਂ ਨਹੀਂ ਗਿਆ ?

ਸੁਲਤਾਨ : ਅੰਮਾਂ, ਤੇਰੀ ਹਾਲਤ ਦੇਖ ਕੇ ਮੈਨੂੰ ਕੁਛ ਚੰਗਾ ਨਹੀਂ ਲਗਦਾ ।

ਬੁੱਢੀ : ਜੇ ਮੈਂ ਮਰ ਗਈ ਤਾਂ ਤੇਰਾ ਕਿਆ ਹਾਲ ਹੋਊ ।

ਸੁਲਤਾਨ : ਅੰਮਾਂ, ਅੱਲਾ ਦਾ ਨਾਮ ਲੈ, ਚੰਦਰੇ ਬੋਲ ਨਾ ਕਢ ਮੂੰਹੋਂ ।

ਬੁੱਢੀ : ਆ ਮੇਰੇ ਕੋਲ ! (ਪਲੋਸਦੀ ਹੋਈ) ਤੂੰ ਕਿੰਨੀਆ ਸਿਆਣੀਆਂ ਗੱਲਾਂ ਕਰਦਾਂ । ਤੇਰੇ ਭਰਾ ਨੂੰ ਤਾਂ ਮੇਰਾ ਭੋਰਾ ਫਿਕਰ ਨਹੀਂ ।

ਸੁਲਤਾਨ : (ਅੱਖਾਂ ਭਰਕੇ) ਅੰਮਾ, ਤੈਥੋਂ ਬਿਨਾ ਮੇਰਾ ਇਸ ਧਰਤੀ ਉੱਤੇ ਕੋਈ ਨਹੀਂ।

ਬੁੱਢੀ : ਮਾਂ ਸਦਕੇ, ਮੇਰਾ ਦੂਲਾ ਪੁੱਤ ਕਿਉਂ ਰੋਵੇ।

ਸੁਲਤਾਨ : ਅੰਮਾਂ, ਮੈਂ ਖੈਰਾਇਤੀ ਹਸਪਤਾਲ ਚੋਂ ਤੇਰੇ ਲਈ ਦੁਆ ਲਿਆਵਾਂ ?

ਬੁੱਢੀ : ਬੇਟਾ, ਗਰੀਬਾਂ ਨੂੰ ਕੌਣ ਦੁਆਈਆਂ ਦੇਂਦਾ। ਗਰੀਬਾਂ ਦੀ ਕੋਈ ਪੁਛ ਪਰਤੀਤ ਨਹੀਂ। ਅਸੀਂ ਲਕ ਨਾ ਜੀਂਦਿਆ 'ਚ ਨਾ ਮਰਿਆਂ 'ਚ। ਬਸ ਕੀੜੇ ਮਕੌੜਿਆਂ ਵਾਂਗ ਪੈਰਾਂ ਹੇਠ ਲਿਤਾੜੇ ਜਾਨੇ ਆਂ। ਕਈ ਪਟੜੀਆਂ ਤੇ ਸੁੱਤੇ ਸੌਂ ਜਾਂਦੇ ਐ।

ਸੁਲਤਾਨ : ਅੰਮਾਂ ਇਕ ਗਲ ਪੁੱਛਾਂ ?

ਬੁੱਢੀ : ਸੌ ਵਾਰੀ ਪੁੱਛ, ਮੇਰੇ ਲਾਲ।

ਸੁਲਤਾਨ : ਅੰਮਾਂ, ਅੱਬਾ ਤੈਨੂੰ ਇਸ ਹਾਲਤ 'ਚ ਛਡ ਕੇ ਕਿੱਥੇ ਚਲਾ ਗਿਐ ?

ਬੁੱਢੀ : ਪੁੱਤਾ, ਇਹ ਗਲ ਨਾ ਪੁਛਦਾ ਤਾਂ ਚੰਗਾ——— (ਉਸ ਨੂੰ ਖੰਘ ਛਿੜਦੀ ਹੈ ਅਤੇ ਉੱਬੂ ਆਂ ਜਾਂਦਾ ਹੈ )

ਸੁਲਤਾਨ : ਅੰਮਾਂ, ਬੇਸ਼ਕ ਨਾ ਦਸ, ਤੈਨੂੰ ਦਸਣ 'ਚ ਤਕਲੀਫ ਹੁੰਦੀ ਐ, ਮੈਂ ਸਮਝ ਗਿਆ, ਅੱਬਾ ਜ਼ਰੂਰ ਬੁਰਾ ਬੰਦਾ ਹੋਊਗਾ, ਜਿਹੜਾ ਸਾਨੂੰ ਇਸ ਹਾਲਤ 'ਚ ਛਡ ਕੇ ਚਲਾ ਗਿਆ।

ਬੁੱਢੀ : ਇਕ ਬੇਆਸਰਾ ਔਰਤ ਦੀ ਇਸ ਦੁਨੀਆ 'ਚ ਕੋਈ ਇੱਜ਼ਤ ਨਹੀਂ, ਕੋਈ ਟਕਾਣਾ ਨਹੀਂ। (ਭਰੇ ਹੋਏ ਗਲੇ ਨਾਲ) ਬੇਟਾ ਤੇਰਾ ਕੋਈ ਅੱਬਾ ਨਹੀਂ।

ਸੁਲਤਾਨ : ਅੰਮਾਂ ! ਕਿਆ ਇਹ ਸਚ ਐ ?

ਬੁੱਢੀ : ਪੁੱਤਰ, ਜ਼ਹਿਰ ਅਰਗਾ ਕੌੜਾ ਸਚ। ਤੂੰ ਮੇਰਾ ਦਿਲ ਛੇੜ ਦਿੱਤਾ, ਮੱਲੋਂ ਜ਼ੋਰੀ ਗਲ ਮੂੰਹੋਂ ਨਿਕਲ ਗਈ। ਮੈਂ ਬੇ ਕਸੂਰ ਆਂ ਬੇਟਾ, ਮੈਂ ਬੇਹਦ ਧੱਕੇ ਧੋੜੇ ਖਾ ਕੇ ਤੁਹਾਨੂੰ ਪਾਲਿਆ !

ਸੁਲਤਾਨ : (ਰੋਂਦਾ ਹੋਇਆ) ਅੰਮਾਂ, ਤੂੰ, ਬੇਕਸੂਰ ਐਂ, ਬਸ ਚੁਪ ਕਰ ਜਾ।

ਬੁੱਢੀ : ਪੁੱਤਾ, ਇਹ ਭੇਤ ਮੈਂ ਤੇਰੇ ਵੱਡੇ ਭਰਾ ਨੂੰ ਨਹੀਂ ਦਸਿਆ। ਬਹੁਤ ਗੁਸੈਲ ਐ, ਸਾਨੂੰ ਛਡ ਕੇ ਚਲਾ ਜਾਊ, ਫੇਰ ਅਸੀਂ ਕੀ ਕਰਾਂਗੇ।

ਸੁਲਤਾਨ : ਸ਼ੋਦ ਅੰਮਾਂ, ਉਹਨੂੰ ਕਿਸੇ ਨੇ ਦੱਸ ਦਿੱਤਾ, ਤਾਂਹੀਓਂ ਤੇਰੇ ਨਾਲ ਖਰਵਾ ਬੋਲਦਾ ਤੇਰੀ ਇੱਜਤ ਨਹੀਂ ਕਰਦਾ।

ਬੁੱਢੀ : ਇਸੇ ਝੋਰੇ ਨੇ ਮੈਨੂੰ ਚੰਦਰਾ ਰੋਗ ਲਾਇਆ।



ਸੁਲਤਾਨ : ਫਿਕਰ ਨਾ ਕਰ ਅੰਮਾਂ, ਮੈਂ ਸਮਾਜ ਤੋਂ ਬਦਲਾ ਲਊਂਗਾ, ਜਿਹਨੇ ਤੇਰੇ ਨਾਲ ਇਹ ਮਜ਼ਾਕ ਕੀਤਾ, ਜਿਹਨੇ ਤੈਨੂੰ ਇਸ ਦੁਰਦਸ਼ਾ ਤਕ ਪੁਚਾਇਆ।

ਬੁੱਢੀ : (ਘੁਟ ਕੇ ਫੜਦੀ ਹੋਈ) ਪੁੱਤਾ, ਤੂੰ ਕੋਈ ਬੁਰਾ ਕੰਮ ਨਾ ਕਰੀਂ। ਅੱਲਾ ਅੱਗੇ ਮੇਰੀ ਦਿਨ ਰਾਤ ਇਹੋ ਦੁਆ ਐ ਮੇਰਾ ਬੇਟਾ ਨੇਕ ਇਨਸਾਨ ਬਣੇ।

ਸੁਲਤਾਨ : ਫਿਕਰ ਨਾ ਕਰ ਅੰਮਾਂ, ਮੈਂ ਕੋਈ ਬੁਰਾ ਕੰਮ ਨਹੀਂ ਕਰਦਾ। ਟੋਕਰੀ ਢੋਵਾਂਗਾ, ਮਜ਼ੂਰੀ ਕਰਾਂਗਾ। ਮੱਕੇ ਦੇ ਹਜ ਨੂੰ ਜਾਵਾਂਗਾ, ਤੇਰੀ ਲੰਮੀ ਉਮਰ ਲਈ ਦੁਆ ਕਰਾਂਗਾ।

ਬੁੱਢੀ : ਸ਼ੁਕਰ ਹੈ ਅੱਲਾ ਪਾਕ ਦਾ, ਤੂੰ ਮੇਰੀ ਅੱਧੀ ਬਿਮਾਰੀ ਦੂਰ ਕਰ ਦਿੱਤੀ ਐ; ਤੈਨੂੰ ਕਿਸੇ ਆਹਰੇ ਲੱਗਾ ਦੇਖ ਕੇ ਮੇਰੇ ਸਾਹ ਸੁਖਾਲੇ ਨਿਕਲ ਜਾਣਗੇ।

ਇਕ ਹੱਟਾ ਕੱਟਾ ਸਿਪਾਹੀ ਆਉਂਦਾ ਹੈ। ਬੁੱਢੀ ਉਸ ਨੂੰ ਦੇਖ ਕੇ ਕੰਬ ਜਾਂਦੀ ਹੈ।

ਸਿਪਾਹੀ ; ਬੁੱਢੀਏ, ਤੂੰ ਪਿਛਲੇ ਮਹੀਨੇ ਦੀ ਵੀ ਅਦਾਇਗੀ ਨਹੀਂ ਕੀਤੀ। ਕਢ ਦਸ ਰੁਪਏ ਝਟਾਪਟ।

ਬੁੱਢੀ : ਹੌਲਦਾਰ ਜੀ, ਮੇਰੇ ਪਾਸ ਤਾਂ ਫੁੱਟੀ ਕੌਡੀ ਵੀ ਨਹੀਂ, ਫਜਰ ਤੋਂ ਦੋਵੇਂ ਮਾਂ ਪੁੱਤ ਭੁੱਖੇ ਬੈਠੇ ਆਂ।

ਸਿਪਾਹੀ : ਮੈਂ ਕਈ ਦਿਨਾਂ ਤੋਂ ਤੇਰਾ ਲਿਹਾਜ਼ ਕਰ ਰਿਹਾ। (ਮੁਸਕਰਾ ਕੇ) ਤੇਰੀ ਜਵਾਨੀ ਨੂੰ ਯਾਦ ਕਰਕੇ।

ਬੁੱਢੀ : ਹੌਲਦਾਰਾ, ਕਿਉਂ ਗਰੀਬਣੀ ਨੂੰ ਸਤਾਉਂਦਾ ਏਂ।

ਸਿਪਾਹੀ : ਜੇ ਅਜ ਪੈਸੇ ਨ ਦਿੱਤੇ ਤਾਂ ਸ਼ਾਮੀ ਖੋਲੀ ਢੁਆ ਦਿਆਂਗਾ ਸੁਣਿਐ ?

ਬੁੱਢੀ : ਹੌਲਦਾਰਾ, ਇਹ ਜ਼ੁਲਮ ਨਾਂ ਕਰੀਂ। ਸਾਡਾ ਹੋਰ ਕੋਈ ਟਿਕਾਣਾਂ ਨਹੀਂ। ਬੜਾ ਲੜਕਾ ਧੇਲਾ ਪੋਲੀ ਲਿਆਉਂਦਾ ਤਾਂ ਕਿਤੇ ਟੁਕੜਾ ਨਸੀਬ ਹੁੰਦਾ।

ਸਿਪਾਹੀ : (ਡੰਡਾ ਮੰਜੀ ਤੇ ਮਾਰ ਕੇ) ਹਰਾਮਜ਼ਾਦੀ, ਝੂਠ ਬਕਦੀ ਐ। ਫੇਰ ਪੇਸ਼ਾ ਕਿਉਂ ਬੰਦ ਕਰ ਦਿੱਤਾ, ਵਾਹ ਵਾਹ ਗੁਜ਼ਾਰਾ ਹੁੰਦਾ ਸੀ। (ਸੋਟੀ ਦੀ ਹੁਝ ਮਾਰਕੇ) ਏਸ ਹਰਾਮੀ ਨੂੰ ਗੋਡੇ ਮੁਢ ਕਿਉਂ ਬਿਠਾਇਆ ਹੋਇਆ, ਏਹਨੂੰ ਭੇਜ ਕਿਸੇ ਦੀ ਜੇਬ ਕਟਕੇ ਲਿਆਵੇ।

ਬੁੱਢੀ ਹੌਲਦਾਰਾ, ਬਾਲ ਤੇ ਕਿਉਂ ਗੁੱਸਾ ਕਢਦਾਂ।

ਸਿਪਾਹੀ : (ਹਥ ਫੜਕੇ) ਚਲ ਅੰਦਰ ਹਿਸਾਬ ਚੁਕਦਾ ਕਰੀਏ।

ਬੁੱਢੀ : ਹੌਲਦਾਰਾ, ਤਰਸ ਕਰ, ਸਖਤ ਬੀਮਾਰ ਆਂ, ਮੇਰਾ ਜੁਆਨ ਮੁੰਡਾ ਦੇਖਦਾ——

ਸਿਪਾਹੀ : ਬੀਮਾਰੀ ਦੀ ਬੱਚੀ, ਪਖੰਡ ਕਰਦੀ ਐ ! (ਸੁਲਤਾਨ ਦੇ ਸੋਟੀ ਮਾਰਕੇ) ਦੌੜ ਜਾ ਕੁੱਤੇ, ਖੜਾ ਕੀ ਝਾਕਦਾਂ ਮੇਰੇ ਮੂੰਹ ਵਲ, ਜਾਹ ਚੋਰੀ ਕਰ ਜਾਂ ਕਿਸੇ ਦਾ ਖੀਸਾ ਕਟ ।

ਸਿਪਾਹੀ ਬੁੱਢੀ ਨੂੰ ਧੂਹ ਕੇ ਅੰਦਰ ਲੈ ਜਾਂਦਾ ਹੈ । ਸੁਲਤਾਨ ਲੱਕੜ ਦੀ ਥੰਮੀ ਨਾਲ ਲਗ ਕੇ ਉੱਚੀ ਉੱਚੀ ਰੋਂਦਾ ਹੈ । ਬੱਤੀਆਂ ਜਗਦੀਆਂ ਹਨ । ਰਿਪੋਰਟਰ ਸਖਤ ਗੰਭੀਰ ਹੈ ਅਤੇ ਹਾਜੀ ਸੁਲਤਾਨ ਸੀਖਾਂ ਕੋਲੋਂ ਹਟ ਕੇ ਪਿੱਛੇ ਵਲ ਅੱਖਾਂ ਪੂੰਝਦਾ ਹੈ ।

ਦੀਵਾਨਾ : ਪਹਿਰੇਦਾਰਾ, ਤੂੰ ਰੋ ਕਿਉਂ ਰਿਹਾ ?

ਪਹਿਰੇਦਾਰ : ਰੋਣ ਦਾ ਇਸ ਦੁਨੀਆਂ 'ਚ ਇਕ ਕਾਰਨ ਥੋਹੜਾ ਐ ।

ਦੀਵਾਨਾ : ਤੂੰ ਕੁਝ ਲਭ ਰਿਹੈ ।

ਪਹਿਰੇਦਾਰ : ਮੇਰੇ ਹਥ ਵਿਚ ਇਕ ਪਰਚੀ ਸੀ, ਖੌਰੇ ਕਿਧਰ ਉਡ ਗਈ ਸਹੁਰੀ ।

ਦੀਵਾਨ : ਕੀ ਲਿਖਿਆ ਸੀ ਉਸ ਉੱਤੇ ।

ਪਹਿਰੇਦਾਰ : ਕੋਈ ਗੁਪਤ ਗਲ ।

ਦੀਵਾਨਾ : ਸਮਝ ਗਿਆ, ਗਰੀਬ ਆਦਮੀ ਖੁਸ਼ੀ ਵੀ ਨਹੀਂ ਸਾਂਭ ਸਕਦਾ (ਉੱਚੀ ਉੱਚੀ ਹਸਦਾ ਹੈ)

ਲੈ ਫੜ, ਇਹਨੂੰ ਘੁਟ ਕੇ ਬੰਨ ਲੈ ਪੱਲੇ, ਫੇਰ ਨਾ ਹਵਾ ਦਾ ਬੁੱਲਾ ਉਡਾ ਕੇ ਲੈ ਜਾਏ । ਹੁਣ ਡੀਊਟੀ ਭੁਗਤਾ, ਬਿਟ ਬਿਟ ਕੀ ਝਾਕਦਾਂ ਮੇਰੇ ਵਲ ।

ਰਿਪੋਰਟਰ : (ਹਾਜੀ ਨੂੰ ਸੀਖਾਂ ਵਲ ਆਉਂਦਾ ਵੇਖ ਕੇ) ਤੁਹਾਡਾ ਬਚਪਨ ਬਹੁਤ ਹੀ ਕੁੜਤਣ ਭਰਿਆ ।

ਹਾਜੀ : ਜ਼ਿੰਦਗੀ ਦਾ ਇਹ ਪਹਿਲਾ ਠੁੱਡਾ ਸੀ ਜਿਹਨੇ ਮੈਨੂੰ ਝੰਜੋੜ ਕੇ ਜਗਾਇਆ ।

ਰਿਪੋਰਟਰ : ਜ਼ਰੂਰ ਭਾਰੀ ਜਟਕਾ ਲੱਗਾ ਹੋਵੇਗਾ ।

ਹਾਜੀ : ਜਨਾਬ, ਕਿਆ ਪੁਛਦੇ ਹੋ, ਉਹ ਵਕਤ ਯਾਦ ਆਉਂਦੇ ਸਾਰ ਖੂਨ ਖੋਲਣ ਲਗ ਜਾਂਦਾ ਹੈ, ਜਦੋਂ ਮੈਨੂੰ ਅਪਣੀ ਅੰਮਾਂ ਦਾ ਪੀਲਾ ਮੁਰਝਾਇਆ ਹੋਇਆ ਚਿਹਰਾ ਯਾਦ ਆਉਂਦਾ ਤਾਂ ਚਿਤ ਕਰਦਾ ਇਸ ਭਰਿਸ਼ਟ ਸਮਾਜ ਦੇ ਇਨ੍ਹਾਂ



ਠੇਕੇਦਾਰਾਂ ਨੂੰ ਨੰਗਾਂ ਖੜਾ ਕਰ ਦਿਆਂ । ਇਸਦੇ ਉਲਟ ਜਦੋਂ ਮੈਂ ਕਿਸੇ ਗਰੀਬ ਲਾਚਾਰ ਨੂੰ ਵੇਖਦਾਂ ਤਾਂ ਫੌਰਨ ਮੇਰਾ ਦਿਲ ਪੰਘਰ ਜਾਂਦਾ । ਰਿਪੋਰਟਰ ਸਾਹਬ, ਗਰੀਬੀ ਲਾਹਨਤ ਹੈ, ਸਭ ਜੁਰਮਾਂ ਦੀ ਮਾਂ ।

ਰਿਪੋਰਟਰ : ਹਾਜੀ ਸਾਹਿਬ, ਤੁਸੀ ਨਿਹਾਇਤ ਕੋਮਲ ਜਜ਼ਬਿਆਂ ਵਾਲੇ ਬੰਦੇ ਹੋ ।

ਹਾਜੀ : ਹਿੰਦੁਸਤਾਨ ਵਿਚ ਕਰੋੜਾਂ ਇਨਸਾਨ ਐਸੇ ਨੇ ਜਿਨ੍ਹਾਂ ਨੂੰ ਇਕ ਵਕਤ ਦਾ ਖਾਣਾ ਨਸੀਬ ਨਹੀਂ ਹੁੰਦਾ ।

ਰਿਪੋਰਟਰ : ਮੁਲਕ ਦੇ ਤਕਰੀਬਨ ਅੱਧੇ ਲੋਕ ਪਾਵਰਟੀ ਲਾਈਨ ਤੋਂ ਹੇਠ ਜੀ ਰਹੇ ਨੇ । ਤੁਸੀ ਬਿਹਾਰ ਉੜੀਸਾ ਵਲ ਜਾ ਕੇ ਨਹੀਂ ਵੇਖਿਆ । ਪੂੜੀ ਛੋਲੇ, ਖਾ ਕੇ ਸੁੱਟੀ ਪੱਤਲ ਨੂੰ ਚੱਟਣ ਲਈ ਕਈ ਭੁੱਖੇ ਖੜੇ ਉਡੀਕਦੇ ਹੁੰਦੇ ਨੇ । ਬਹੁਤ ਬੁਰੀ ਹਾਲਤ ਹੈ ।

ਹਾਜੀ : ਇਨ੍ਹਾਂ 27 ਸਾਲਾਂ 'ਚ ਸਰਕਾਰ ਤੋਂ ਗਰੀਬੀ ਦੂਰ ਨਹੀਂ ਹੋਈ ।

ਰਿਪੋਰਟਰ : ਇਸ ਦਾ ਤਾਂ ਇਕੋ ਹਲ ਹੈ ।

ਹਾਜੀ : ਉਹ ਕਿਹੜਾ ?

ਰਿਪੋਰਟਰ : ਸਮਾਜਵਾਦ ।

ਹਾਜੀ : ਦਰੁਸਤ ਹੈ, ਮਨੁਖ ਦੀ ਮੁਢਲੀ ਲੋੜ ਰੋਟੀ, ਕਪੜਾ ਔਰ ਮਕਾਨ ਹੈ । ਬਾਕੀ ਗੱਲਾਂ ਪਿਛੋਂ ।

ਰਿਪੋਰਟਰ : ਠੀਕ ਹੈ ਭੁੱਖਾ ਬੰਦਾ ਗੁਨਾਹ ਕਰਨ ਤੇ ਮਜਬੂਰ ਹੋ ਜਾਂਦਾ ਹੈ ।

ਹਾਜੀ : ਮੇਰਾ ਜ਼ਾਤੀ ਤਜਰਬਾ, ਗਰੀਬ ਫਿਤਰਤਨ ਸ਼ਰੀਫ ਔਰ ਇਮਾਨਦਾਰ ਹੁੰਦਾ, ਅਮੀਰ ਇਆਸ਼ੀ ਖਾਤਰ ਭਰਿਸ਼ਟਾਚਾਰ ਕਰਦਾ । ਉਹ ਮੌਜੂਦਾ ਹਾਲਤ ਦਾ ਜ਼ੁੰਮੇਵਾਰ ਹੈ ।

ਰਿਪੋਰਟਰ : ਰਿਪੋਰਟਰ ਸਾਹਬ, ਸੰਘਰਸ਼ ਤੋਂ ਹੀ ਸਮਾਜ ਕਰਵਟ ਬਦਲਦਾ ।

ਹਾਜੀ : ਕੀ ਮਤਲਬ, ਪੇਟ ਦੀ ਭੁੱਖ ਤੋਂ ਬਗਾਵਤ ਜਨਮ ਲੈਂਦੀ ਹੈ ?

ਰਿਪੋਰਟਰ : ਦਵੰਦਾਤਮਕ ਪਦਾਰਥਵਾਦ ਦੀ ਗਲ ਤੁਹਾਨੂੰ ਕਿਤੇ ਵਿਹਲੇ ਮੌਕੇ ਦੱਸਾਂਗਾ । ਅਜੇ ਤਾਂ ਆਪਾਂ ਹਥਲੀ ਗਲ ਮੁਕਾ ਲਈਏ ।

ਹਾਜੀ : ਕਿਹੜੀ ?

ਰਿਪੋਰਟਰ : ਮੈਂ ਤੁਹਾਡੀ ਜ਼ਿੰਦਗੀ ਦਾ ਅਗਲਾ ਕਾਂਡ ਸੁਨਣ ਲਈ ਉਤਸੁਕ ਹਾਂ ।

ਹਾਜੀ : ਉਹ ! ਮੈਂ ਜਜ਼ਬੇ 'ਚ ਹੋਰ ਪਾਸੇ ਹੀ ਵਹਿ ਤੁਰਿਆ ਸੀ। ਸਿਪਾਹੀ ਦਾ ਅੰਮਾਂ ਨਾਲ ਕੀਤਾ ਜ਼ੁਲਮ ਦੇਖ ਕੇ ਮੇਰਾ ਅੰਦਰਲਾ ਇਨਸਾਨ ਜਾਗ ਉਠਿਆ। ਮੈਂ ਘੜੀ ਪਲ 'ਚ ਬੱਚੇ ਤੋਂ ਬੰਦਾ ਬਣ ਗਿਆ।

ਰਿਪੋਰਟਰ : ਤਜਰਬੇ ਹੀ ਇਨਸਾਨ ਨੂੰ ਸਬਕ ਸਿਖਾਂਦੇ ਨੇ।

ਹਾਜੀ : ਮੈਂ ਮੰਦਾ ਚੰਗਾ ਕੰਮ ਕਰਨ ਦਾ ਪੁਖਤਾ ਇਰਾਦਾ ਬਣਾ ਲਿਆ। ਕੰਮ ਦੀ ਤਲਾਸ਼ ਵਿਚ ਖੋਲੀ ਵਿਚੋਂ ਨਿਕਲ ਤੁਰਿਆ।

ਰਿਪੋਰਟਰ : ਫੇਰ ਮਿਲਿਆ ਕੋਈ ਕੰਮ ?

ਹਾਜੀ : ਹਾਂ, ਕਈ ਦਿਨਾਂ ਦੀ ਖੱਜਲ ਖੁਆਰੀ ਤੋਂ ਬਾਅਦ।

ਰਿਪੋਰਟਰ : ਪਹਿਲਾ ਕੰਮ ਕਿਹੜਾ ਕੀਤਾ ?

ਹਾਜੀ : ਬੰਦਰਗਾਹ ਤੇ ਕੁਲੀ ਦਾ।

ਰਿਪੋਰਟਰ : ਕਿੰਨੇ ਰੁਪਏ ਦਿਹਾੜੀ ?

ਹਾਜੀ : ਰੁਪਏ ਕਿਥੇ ! ਇਹੋ ਅਠ ਦਸ ਆਨੈ ਰੋਜ਼ਦੇ, ਮਗਰ ਇੱਜ਼ਤ ਨਾਲ ਸੁੱਕੀ ਰੋਟੀ ਮਿਲਣ ਲਗ ਪਈ। ਹਥੀਂ ਕੰਮ ਕਰਨ ਨਾਲ ਰੂਹ ਸੁੱਚੀ ਹੋਣ ਲੱਗੀ। ਮੈਂ ਬਹੁਤ ਖੁਸ਼ ਹੋਇਆ। ਅੰਮਾਂ ਦੀ ਹਾਲਤ ਵੀ ਕੁਝ ਸੁਧਰੀ।

*ਬੱਤੀਆ ਬੁਝਦੀਆਂ ਹਨ, ਦੀਵਾਨਾ ਪੰਜਾਬੀ ਦੇ ਗਾਣ ਦੀ ਆਵਾਜ਼।*

*ਪਲ ਕੁ ਪਿਛੋਂ ਰੋਸ਼ਨੀ ਹੁੰਦੀ ਹੈ ਤਾਂ ਸੁਲਤਾਨ ਇਕ ਕੁਲੀ ਦੇ ਭੇਸ ਵਿਚ ਦਿਖਾਈ ਦਿੰਦਾ ਹੈ।*

ਕੁਲੀ : ਸੇਠ ਜੀ, ਅਠ ਆਨੇ ਬਹੁਤ ਥੋੜੇ ਐ। ਬੋਝਾ ਦੇਖੋ ਕਿਤਨਾ ਭਾਰੀ ਹੈ। ਲਕ ਦੋਹਰਾ ਹੋ ਗਿਆ, ਇਸ ਵਿਚ ਖਬਰੇ ਕਿਆ ਸਿੱਕਾ ਭਰਿਆ ਹੋਇਐ।

ਸੇਠ : (ਇਕ ਦਮ ਭੜਕ ਕੇ) ਕਿਆ ਬਕਦਾ ਹੈਂ ! ਹੌਲੀ ਬੋਲ।

ਕੁਲੀ : ਜਨਾਬ, ਅਠ ਆਨੇ ਥੋਹੜੇ ਹੈਂ !

ਸੇਠ : ਥੋੜੇ ਦਾ ਬੱਚਾ, ਅਪਣੀ ਸ਼ਕਲ ਵਲ ਦੇਖ ਪਹਿਲੇ।

ਕੁਲੀ : ਸੇਠ ਜੀ, ਮਜ਼ੂਰੀ ਮੰਗ ਰਿਹਾਂ, ਖਰਾਇਤ ਨਹੀਂ।

ਸੇਠ : ਕਿਆ ਕਹਾ ?



ਕੁਲੀ : (ਇਕ ਦਮ ਨਰਮੀ ਨਾਲ) ਸੇਠ ਜੀ, ਮੇਰੀ ਮਾਂ ਸਖਤ ਬੀਮਾਰ ਹੈ, ਮੈਨੂੰ ਪੈਸਿਆ ਦੀ ਬੇਹਦ ਜ਼ਰੂਰਤ ਹੈ, ਵਰਨਾ——

ਸੇਠ : ਫੇਰ ਮੈਂ ਕਿਆ ਕਰਾਂ, ਖਰਾਇਤੀ ਹਸਪਤਾਲ ਖੋਲ ਦਿਆ ਤੁਹਾਡੇ ਲਈ। ਅਠ ਆਨੇ ਲੈਣੇ ਨੇ ਤਾਂ ਲੈ, ਨਹੀਂ ਦੌੜ ਜਾਹ, ਮੇਰਾ ਵਕਤ ਨਾ ਜ਼ਾਇਆ ਕਰ।

ਕੁਲੀ : ਸੇਠ ਜੀ, ਆਪ ਲੱਖਾਂ ਕਮਾਂਦੇ ਹੋ, ਜੇ ਇਕ ਗਰੀਬ ਕੁਲੀ ਰੋਟੀ ਖਾ ਲਏਗਾ ਤਾਂ —

ਸੇਠ : ਕਿਆ ਕਹਾ ਉਇ ਉੱਲੂ ! ਹੌਲਦਾਰਾ, (ਅੱਖ ਮਾਰ ਕੇ ਇਸ਼ਾਰੇ ਨਾਲ) ਆਹ ਛੋਕਰਾ ਮੇਰੀ ਬੇਇਜ਼ਤੀ ਕਰ ਰਿਹਾਂ ਔਰ ਪੈਸ ਵੀ ਜ਼ਿਆਦਾ ਮੰਗ ਰਿਹਾ। ਇਸ ਕੇ ਹੋਸ਼ ਟਿਕਾਣੇ ਲਾਓ। (ਸਿਪਾਹੀ ਨੂੰ ਕੁਝ ਫੜਾਉਂਦਾ ਹੋਇਆ) ਆਹ ਫੜੋ ਆਪਣਾ ਬਕਾਇਆ।

ਕੁਲੀ : ਮੇਰੀ ਮਜ਼ੂਰੀ ਨਹੀਂ ਦੇਂਦਾ ਉਹਨੂੰ ਰਿਸ਼ਵਤ ਦੇ ਦਿੱਤੀ।

ਸਿਪਾਹੀ : (ਕਾੜ ਕਰਦੀ ਚਪੇੜ ਮਾਰ ਕੇ) ਕੁੱਤੇ, ਤੈਨੂੰ ਜਾਨ ਨਹੀਂ ਚਾਹੀਦੀ। ਨਾਚੀਜ਼ ਛੋਕਰੇ ਐਡੇ ਵੱਡੇ ਸੇਠ ਸਾਹਿਬ ਨਾਲ ਬਦ ਕਲਾਮੀ ਕਰ ਰਿਹਾਂ। (ਡੰਡਾ ਉੱਘਰ ਕੇ) ਚਲ ਨਿਕਲ ਡੋਕ ਤੋਂ ਬਾਹਰ। ਤੈਨੂੰ ਨਾਬਾਲਕ ਨੂੰ ਅਜਾਜ਼ਿਤ ਕਿਸਨੇ ਦਿੱਤੀ ਹੈ। ਸੇਠ ਸਾਹਿਬ, ਤੁਸੀਂ ਫਿਕਰ ਨ ਕਰੋ, ਏਸ ਕਤੂਰੇ ਦਾ ਮੈਂ ਕਰਦਾ ਬੰਦੋਬਸਤ ਹੁਣੇ। ਕੀ ਮੰਗਦਾ ਸੀ ?

ਸੇਠ : ਭੋਰਾ ਭਾਰ ਦੇ ਅਠ ਆਨੇ ਦੇ ਰਿਹਾਂ।

ਸਿਪਾਹੀ : ਫੜਓ ਅਠ ਆਨੇ, ਵੇਖਦਾ ਕਿੱਦਾਂ ਨਹੀਂ ਲੈਂਦਾ। ਜਾਓ ਤੁਸੀ ਅਪਣਾ ਕੰਮ ਕਰੋ।

*ਸੇਠ ਦੇ ਜਾਣ ਪਿਛੋਂ ਸਿਪਾਹੀ ਅਠ ਆਨੇ ਜੇਬ ਵਿਚ ਪਾ ਲੈਂਦਾ ਹੈ।*

ਹਾਜੀ : ਹੌਲਦਾਰ ਜੀ, ਮੈਂ ਰੋਟੀ ਕਿਥੋਂ ਖਾਵਾਂਗਾ।

ਸਿਪਾਹੀ (ਸਾਂਗ ਲਾ ਕੇ) ਮੈਂ ਰੋਟੀ ਕਿਥੋਂ ਖਾਂਵਾਂਗਾ, ਜਿੱਦਾਂ ਭੁਖ ਨਾਲ ਜਾਨ ਨਿਕਲ ਰਹੀ ਹੁੰਦੀ ਹੈ। ਸਚ ਦਸ ਸਵੇਰ ਦੇ ਕਿੰਨੇ ਰੁਪਏ ਕਮਾਏ ਨੇ ! ਦਿਖਾ ਮੈਨੂੰ।

ਹਾਜੀ : ਤੁਹਾਡੀ ਕਸਮ ਬੋਹਣੀ ਤਕ ਨਹੀਂ ਕੀਤੀ।

ਸਿਪਾਹੀ : ਓਇ ਉੱਲੂ, ਉਲਟੀ ਮੇਰੀ ਕਸਮ ! ਤੇਰਾ ਕੋਈ ਗੁਰ ਪੀਰ ਨਹੀਂ। ਮਾਂ ਦੀ

ਕਸਮ ਖਾਹ ਜਿਹੜੀ ਬੀਮਾਰ ਪਈ ਐ। ਜੇ ਝੂਠ ਬਕੇਂਗਾ ਉਸਦੀ ਤਾਂ ਖਲਾਸੀ ਹੋਊ।

ਹਾਜੀ : ਅੰਮਾਂ ਦੀ ਕਸਮ, ਤੀਜੇ ਦਿਨ ਬਾਅਦ ਜਹਾਜ਼ ਆਇਆ, ਸਵੇਰ ਦਾ ਇਕ ਟਕਾ ਨਹੀਂ ਕਮਾਇਆ।

ਸਿਪਾਹੀ : ਝੂਠ ਬਕਦਾਂ। ਮੈਂ ਵੀ ਅਜ ਸਵੇਰ ਦੇ ਹਥ ਸੁੱਚੇ ਨਹੀਂ ਸੀ ਕੀਤੇ। ਖੌਰੇ ਕਿਹੜਾ ਮਨਹੂਸ ਮੱਥੇ ਲੱਗਾ ਸਵੇਰੇ ਸਵੇਰੇ।

ਹਾਜੀ : ਹੁਣੇ ਸੇਠ ਤੋਂ ਜੋ ਲਏ ਐ।

ਸਿਪਾਹੀ : (ਹਸਦਾ ਹੋਇਆ) ਉਹ ਤਾਂ ਬਕਾਇਆ ਰਕਮ ਸੀ। ਓਹ ਦੇਖ ਸੇਠ ਜੋਧਾ ਮਲ ਆਲੇ ਦੁਆਲੇ ਦੇਖ ਰਿਹਾ ਬੇਸਬਰੀ ਨਾਲ ! ਸ਼ਾਇਦ ਕੁਲੀ ਦੀ ਤਲਾਸ਼ ਵਿਚ ਹੈ।

ਹਾਜੀ : ਉਸ ਦਾ ਮਾਲ ਏਸ ਜਹਾਜ਼ ਚੋਂ ਨਹੀਂ ਉਤਰਿਆ। ਫਿਕਰਾਂ ਵਿਚ ਡੁੱਬਾ ਹੋਇਐ, ਜ਼ਿੰਦਾਂ ਜਾਨ ਨਿਕਲ ਰਹੀ ਹੁੰਦੀ ਐ।

ਸਿਪਾਹੀ : ਸੇਠਾਂ ਦੀ ਜਾਨ ਹੀ ਪੈਸੇ ਵਿਚ ਹੁੰਦੀ ਐ। ਉਹ ਤੂੰ ਪੁਰਾਣੀ ਬਾਤ ਨਹੀਂ ਸੁਣੀ।

ਹਾਜੀ : ਹੌਲਦਾਰ ਜੀ, ਭੁੱਖੇ ਲਈ ਬਾਤ ਤਾਂ ਰੋਟੀ ਹੈ, ਚਲੋਂ ਮੈਂਨੂੰ ਪੌਲੀ ਹੀ ਦੇ ਦਿਉ।

ਸਿਪਾਹੀ : ਦੌੜ ਜਾਹ, ਨਹੀਂ ਤਾਂ ਕੰਨੋ ਫੜ ਕੇ ਡੋਕ ਤੋਂ ਬਾਹਰ ਕਢ ਦਿਆਂਗਾ। ਮੈਂ ਲਿਹਾਜ਼ ਕਰ ਰਿਹਾਂ, ਸੂਰ ਦਾ ਪੁੱਤਰ, ਸਵਾਲ ਜਵਾਬ ਕਰਨੋਂ ਨਹੀਂ ਹਟਦਾ।

ਹਾਜੀ : ਜਨਾਬ ਧੱਕੇ ਸ਼ਾਹੀ ਨਾ ਕਰੋ।

ਸਿਪਾਹੀ : (ਮੌਰਾਂ ਤੇ ਡੰਡਾ ਮਾਰ ਕੇ) ਨਿਕਲ ਡੋਕ ਤੋਂ ਬਾਹ ਚੋਰ ਉਚੱਕਾ ਲੋਫਰ।

ਸਿਪਾਹੀ ਚਲਾ ਜਾਂਦਾ ਹੈ। ਸੁਲਤਾਨ ਰੋਹ ਨਾਲ ਭਰਿਆ ਭੀਤਾ ਖੜਾ ਉਸ ਵਲ ਦੇਖਦਾ ਹੈ।

ਬੱਤੀਆਂ ਬੁਝ ਕੇ ਫੇਰ ਜਗਦੀਆਂ ਹਨ ਤਾਂ ਹਾਜੀ ਮੱਥੇ ਤੇ ਹਥ ਰਖਕੇ ਖੜਾ ਹੁੰਦਾ ਹੈ। ਰਿਪੋਰਟਰ ਦਿਵਾਨੇ ਦੀ ਕੋਠੜੀ ਵਲ ਧਿਆਨ ਨਾਲ ਦੇਖਦਾ ਹੈ।

ਦੀਵਾਨਾ : ਅਸਾਂ ਭੇਦ ਸਜਨ ਦੇ ਪਾਏ
ਉਲਟੇ ਹੋਰ ਜ਼ਮਾਨੇ ਆਏ
ਸਚਿਆਂ ਨੂੰ ਹੁਣ ਮਿਲਦੇ ਧੱਕੇ
ਝੂਠੇ ਕੋਲ ਬਹਾਏ।



ਰਿਪੋਰਟਰ : ਕਿਤਨੀ ਸੱਚੀ ਗਲ ਕਹਿ ਰਿਹਾ।

ਹਾਜੀ : ਇਹ ਵੀ ਹਜ਼ਰਤ ਬੁਲ੍ਹੇ ਸ਼ਾਹ ਦੀ ਕਾਫੀ ਹੈ।

ਰਿਪੋਰਟਰ : ਓਹ ਕੌਣ ਹੈ ?

ਹਾਜੀ : ਪੰਜਾਬ ਦਾ ਇਕ ਸੂਫੀ ਫਕੀਰ। ਬੌਬੀ ਫਿਲਮ ਵਿਚ ਚੰਚਲ ਦਾ ਗਾਣਾ ਨਹੀਂ ਸੀ ਸੁਣਿਐ।

ਰਿਪੋਰਟਰ : ਹਾਂ ਹਾਂ, ਯਾਦ ਆ ਗਿਆ। ਪਹੁੰਚਿਆ ਹੋਇਆ ਫਕੀਰ ਮਲੂਮ ਹੁੰਦਾ।

ਹਾਜੀ : ਮਾਰਫਤ ਦੀਆਂ ਰਮਜ਼ਾਂ ਮਾਰਦਾ।

ਰਿਪੋਰਟਰ : ਇਹ ਗਾਉਣ ਵਾਲਾ ਕੌਣ ਹੈ ?

ਹਾਜੀ : ਇਕ ਕੈਦੀ। ਲੋਕੀ ਉਸਨੂੰ ਦੀਵਾਨਾ ਪੰਜਾਬੀ ਕਹਿੰਦੇ ਨੇ। ਬਹੁਤ ਦਿਲਚਸਪ ਬੰਦਾ ਹੈ। ਮੈਂਨੂੰ ਤਾਂ ਡੂੰਘੇ ਰਾਜ਼ ਦੀ ਗਲ ਲਗਦੀ ਹੈ।

ਰਿਪੋਰਟਰ : ਖਰੀਆਂ ਖਰੀਆਂ ਕਹਿ ਰਿਹਾ, ਦਿਲ ਦਾ ਸੁੱਚਾ ਬੰਦਾ ਹੀ ਮੂੰਹ ਫਟ ਗਲ ਕਹਿ ਸਕਦਾ। ਮਦਦ ਕਰਨੀ ਚਾਹੀਦੀ ਹੈ ਵਿਚਾਰੇ ਦੀ।

ਹਾਜੀ : ਜ਼ਰੂਰ ਕਰਾਂਗਾ, ਇਸ ਨੇ ਮੇਰਾ ਬਹੁਤ ਦਿਲ ਜਿਤਿਐ।

ਰਿਪੋਰਟਰ : ਇਹ ਦੱਸੋ ਹਾਜੀ ਸਾਹਿਬ, ਸਿਪਾਹੀ ਤੋਂ ਹਡ ਭਨਾ ਕੇ ਫੇਰ ਕੀ ਬਣਿਆ ?

ਹਾਜੀ : ਦਿਨੋਂ ਦਿਨ ਚੰਗਾ ਗੁਜ਼ਾਰਾ ਹੋਣ ਲਗ ਪਿਆ, ਅੰਮਾਂ ਦੀ ਸਿਹਤ ਖਾਤਰ ਹਜ ਨੂੰ ਜਾਣ ਲਈ ਮੈਂ ਤਿਆਰ ਹੋ ਗਿਆ।

ਰਿਪੋਰਟਰ : ਖਰਚਾ ਕਿਥੋਂ ਲਿਆ ?

ਹਾਜੀ : ਮੇਰੇ ਸਾਥੀਆਂ ਨੇ ਸੌ ਰੁਪਿਆ ਕੱਠਾ ਕਰਕੇ ਦਿੱਤਾ। ਅੰਮਾਂ ਨੇ ਸਮਝਿਆ ਜ਼ਰੂਰ ਮੈਂ ਕਿਸੇ ਦੀ ਜੇਬ ਕਤਰੀ ਐ। ਮੁਸ਼ਕਲ ਨਾਲ ਉਹਨੂੰ ਯਕੀਨ ਆਇਆ।

ਰਿਪੋਰਟਰ : ਕੀ ਇਹ ਜ਼ਿੰਦਗੀ ਦੀ ਪਹਿਲੀ ਵੱਡੀ ਰਕਮ ਸੀ ?

ਹਾਜੀ : ਜੀ ਹਾਂ। ਇਸ ਸੌ ਰੁਪਏ ਨੇ ਮੇਰੀ ਜ਼ਿੰਦਗੀ ਵਿਚ ਅਜੀਬ ਪਲਟਾ ਲਿਆਂਦਾ। ਪਰ ਅੰਮਾਂ ਮੈਨੂੰ ਜਾਣ ਨਹੀਂ ਸੀ ਦੇਣਾ ਚਾਹੁੰਦੀ ?

ਰਿਪੋਰਟਰ : ਕਿਉਂ ?

ਹਾਜੀ : ਕਾਰਨ ਉਹ ਖੁਦ ਨਹੀਂ ਸੀ ਜਾਣਦੀ।

ਰਿਪੋਰਟਰ : ਮਾਂ ਦੀ ਜ਼ਮੀਰ ਦੀ ਆਵਾਜ਼ ! ਫੇਰ ਤੁਸੀਂ ਕਿਉਂ ਗਏ ?

ਹਾਜੀ : ਮੈਨੂੰ ਯਕੀਨ ਸੀ, ਹਜ ਕਰਨ ਤੋਂ ਬਾਅਦ ਸਾਡੇ ਦਿਨ ਬਦਲ ਜਾਣਗੇ। ਅੰਮਾਂ ਵੀ ਰਾਜ਼ੀ ਹੋ ਜ ਏਗੀ।

ਰਿਪੋਰਟਰ : ਫੇਰ ਅੰਮਾਂ ਲਈ ਦੁਆ ਕਬੂਲ ਹੋਈ ?

ਹਾਜ਼ੀ : ਹਾਂ।

ਰਿਪੋਰਟਰ : ਕੀ ਮਤਲਬ

ਹਾਜ਼ੀ : ਉਹ ਦੁੱਖਾਂ ਤਕਲੀਫਾਂ ਤੋਂ ਛੁਟਕਾਰਾ ਪਾ ਗਈ। ਉਹ ਜ਼ਿੰਦਗੀ ਮੌਤ ਵਿਚਕਾਰ ਲਟਕਣਾ ਨਹੀਂ ਸੀ ਚਾਹੁੰਦੀ।

ਰਿਪੋਰਟਰ : ਅਫਸੋਸ ! ਉਸ ਪਿਛੋਂ ਤੁਸੀ ਕੀ ਕੰਮ ਸ਼ੁਰੂ ਕੀਤਾ ?

ਹਾਜੀ : ਬਹੁਤ ਦਿਲਚਸਪ। ਹਜ਼ਾਰ ਦੇ ਕਰੀਬ ਰੁਪਿਆ ਕੱਠਾ ਹੋ ਗਿਆ ਸੀ। ਕਰਾਫੋਰਡ ਮਾਰਕੀਟ ਲਾਗੇ ਉੱਚੇ ਥੜੇ ਤੇ ਵਲੈਤੀ ਮਾਲ ਵੇਚਣ ਦਾ ਧੰਦਾ ਸ਼ੁਰੂ ਕੀਤਾ। ਉਥੋਂ ਹੀ ਅਚਾਨਕ ਇੱਕ ਦਿਨ ਜ਼ਿੰਦਗੀ ਦੀ ਸਾਥਣ ਨਾਲ ਮੇਲ ਹੋਇਆ।

ਰਿਪੋਰਟਰ : ਵਾਹ, ਬਹੁਤ ਖੂਬ, ਕਿਸ ਤਰ੍ਹਾਂ ?

ਹਾਜ਼ੀ : ਓਹ ਸਾਹਮਣੇ ਦੇਖੋ :

ਬੱਤੀਆਂ ਬੁਝ ਜਾਂਦੀਆਂ ਹਨ। ਕੁਝ ਦੇਰ ਪਿਛੋਂ ਰੌਸ਼ਨੀ ਦੇ ਘੇਰੇ ਵਿਚ ਪਟੜੀ ਤੇ ਸੌਦਾ ਵੇਚਣ ਵਾਲੇ ਦਿਖਾਈ ਦਿੰਦੇ ਹਨ। "ਹਰ ਇਕ ਮਾਲ ਇਕ ਰੁਪਿਆ, ਲੁਟ ਲਓ; ਲੁਟ ਲਓ ਦਿਨ ਦੀਵੇ ਡਾਕਾ'' ਇਸ ਤਰ੍ਹਾਂ ਦੀਆਂ ਕੰਨ ਪਾੜਵੀਆਂ ਅਵਾਜ਼ਾਂ ਸੁਣਾਈ ਦਿੰਦੀਆਂ ਹਨ।

ਇਕ ਉੱਚੀ ਥਾਂ ਉੱਤੇ ਗਾਮੇ ਸ਼ਾਹੀ ਲਿਬਾਸ ਵਿਚ ਖੜਾ ਇਕ ਨੌਜਵਾਨ ਹੋਕਾ ਦੇ ਰਿਹਾ। ਤਰ੍ਹਾਂ ਤਰ੍ਹਾਂ ਦੀਆਂ ਚੀਜ਼ਾਂ ਚਾਦਰ ਉੱਤੇ ਖਿੰਡਰੀਆਂ ਪਈਆਂ ਹਨ।

ਹਾਜੀ : ਆਓ ਆਓ, ਲੈ ਜਾਓ ਵਲੈਤੀ ਮਾਲ ਮੁਫਤੋ ਮੁਫਤੀ। ਸਵਿਟਜ਼ਰਲੈਂਡ ਦੀਆਂ ਘੜੀਆਂ, ਜਪਾਨੀ ਜ਼ੇਵਰ, ਚੀਨੀ ਪੈੱਨ, ਪੈਰਸ ਦੀ ਏਨ ਬੀਊਟੀ, ਅਮਰੀਕਾ ਦਾ ਹਾਰ ਸ਼ਿੰਗਾਰ, ਲੰਡਨ ਦੀਆਂ ਟਾਈਆਂ। ਕੋਈ ਦਾਮ ਨਹੀਂ ਮੁਫਤੋ ਮੁਫਤੀ।

ਦੋ ਤਿੰਨ ਮੁੰਡੇ ਨੱਸੇ ਆਉਂਦੇ ਹਨ।

ਇਕ ਮੁੰਡਾ : (ਚੀਜ਼ ਚੁਕ ਕੇ) ਮੈਂਨੂੰ ਤਾਂ ਆਹ ਬੁਰਸ਼ਟ ਦੇ ਦੇ।

ਦੂਜਾ ਮੁੰਡਾ : ਮੈਨੂੰ ਆਹ ਚਮਕੀਲੀ ਘੜੀ।

ਹਾਜੀ : ਦੌੜੋ ਸੂਰੋ, ਚੋਰੀ ਦਾ ਮਾਲ ਨਹੀਂ ਇਹ, ਅੱਬਾ ਦੀ ਦੁਕਾਨ ਸਮਝ ਰੱਖੀ ਐ ਇਨਾਂ।



ਪਹਿਲਾ ਮੁੰਡਾ : ਨਾਲੇ ਕਹਿਦਾ ਮੁਫਤ ਮਾਲ ਐ, ਲੁਟ ਲਓ।

ਹਾਜ਼ੀ : ਮੂਰਖੋ, ਇਹ ਤਾਂ ਗਾਹਕਾਂ ਨੂੰ ਫਸਾਣ ਦਾ ਢੰਗ ਐ, ਬੱਚੂ, ਬੜੇ ਹੋਵੋਗੇ ਸਭ ਪਤਾ ਲਗ ਜਾਊ। ਜਿੰਨਾ ਕੌਈ ਕੂਕੇਗਾ, ਕੁਫਰ ਤੋਲੇਗਾ,ਝੂਠ ਬੋਲੇਗਾ ਉੱਨਾਂ ਹੀ ਧੰਨ ਦੌਲਤ ਕਮਾਏਗਾ। ਦੌੜ ਜਾਓ, ਕੋਈ ਕੰਮ ਕਰੋ, ਵਿਹਲੀਆਂ ਨਾ ਖਾਓ।

ਦੂਜਾ : ਆ ਜਾਹ ਫੱਜੂ ਇਹ ਤਾਂ ਝੂਠਾ ਬੰਦਾ।

ਹਾਜੀ : ਠਹਿਰੋ ਜ਼ਰਾ।

ਪਹਿਲਾ : (ਡਰਕੇ) ਅਸੀਂ ਤੈਨੂੰ ਕੁਛ ਕਿਹਾ।

ਹਾਜੀ : ਡਰੋ ਨਾ, ਆਹ ਲਓ ਅਠ ਅਠ ਆਨੇ। ਜਦੋਂ ਮੈਂ ਤੁਹਾਡੇ ਜਿੱਡਾ ਸੀ, ਸਾਰੀ ਦਿਹਾੜੀ ਜਾਨ ਮਾਰਕੇ ਅਠ ਆਨੇ ਕਮਾਂਦਾ ਸੀ।

ਦੂਜਾ : ਉਦੋਂ ਅੱਠਾਂ ਆਨਿਆਂ ਦਾ ਕਿੰਨਾ ਕੁਝ ਆਂਦਾ ਹੋਊ।

ਹਾਜੀ : ਕਿੰਨੀ ਸੱਚੀ ਗਲ ਕਹੀ ਹੈ। ਲੁਟ ਲਓ, ਅਸਲੀ ਤੇ ਕੀਮਤੀ ਮਾਲ ਕੋਡਾਂ ਦੇ ਭਾਅ।

ਇਕ ਬਾਬੂ : ਸਭ ਝੂਠ, ਸਰਾਸਰ ਬਕਵਾਸ। ਲੋਕੋ, ਏਸ ਛੋਕਰੇ ਦੀ ਗਲ ਦਾ ਯਕੀਨ ਨਾ ਕਰਿਉ।

ਹਾਜੀ : ਬਾਬੂ ਜੀ, ਦਿਮਾਗ ਤਾਂ ਸਹੀ ਹੈ। (ਇਕ ਦਮ ਬਦਲ ਕੇ) ਹੌਲੀ ਬੋਲੋ ਮੇਰੀ ਗਾਹਕੀ ਕਿਉਂ ਖਰਾਬ ਕਰਦੇ ਓ।

ਬਾਬੂ : ਦਿਨ ਦੀਵੇ ਠਗੀ।

ਹਾਜੀ : ਕੀ ਮਤਲਬ ?

ਬਾਬੂ : ਪਰਸੋਂ ਮੈਂ ਪੈੱਨ ਖਰੀਦਿਆ ਸੀ।

ਹਾਜੀ : ਧਰਮ ਈਮਾਨ ਨਾਲ ਕਹਿੰਦੇ ਓ, ਮੇਰੇ ਪਾਸੋਂ ਖਰੀਦਿਆ ਸੀ ?

ਬਾਬੂ : ਧਰਮ ਨਾਲ ਸਚ ਕਹਿਨਾਂ।

ਹਾਜੀ : ਮੇਰੀ ਸ਼ਕਲ ਵਲ ਚੰਗੀ ਤਰ੍ਹਾਂ ਦੇਖ ਲਓ, ਕੋਈ ਹੋਰ ਤਾਂ ਨਹੀਂ ਸੀ ?

ਬਾਬੂ : ਤੇਰੀਆਂ ਮਿਕਨਾਤੀਸੀ ਅੱਖਾਂ, ਚੀਕਣੇ ਚੋਪੜੇ ਬੋਲਾਂ ਨੇ ਹੀ ਤਾਂ ਮੈਨੂੰ ਖਿਚਿਆ ਸੀ।

ਹਾਜੀ : ਬਾਬੂ ਜੀ, ਲੋਕੀ ਇਕ ਰੁਪਏ ਪਿਛੇ ਦੀਨ ਈਮਾਨ ਮੁਲਕ ਤਕ ਕੁਰਬਾਨ ਕਰ ਦੇਂਦੇ ਨੇ।

ਬਾਬੂ : ਤੂੰ ਚੀਨ ਦਾ ਹੀਰੋ ਪੈੱਨ ਕਹਿ ਕੇ ਦਿੱਤਾ ਸੀ । ਅਸਲੋਂ ਨਕਲੀ ਨਿਕਲਿਆ । ਮੁੰਡਾ ਸਕੂਲੋਂ ਰੋਂਦਾ ਘਰ ਆਇਆ ।

ਹਾਜੀ : ਬਾਬੂ ਸਾਹਿਬ, ਅਸਲ ਨਕਲ ਵਿਚ ਅਜ ਕੋਈ ਫਰਕ ਨਹੀਂ ਰਿਹਾ । ਨਾਲੇ ਮੈਂ ਕਿਹੜਾ ਪਿਉ ਦੇ ਕਾਰਖਾਨੇ ਚੋਂ ਲਿਆਂਦਾ ਸੀ । ਪਹਿਲਾਂ ਮੈਨੂੰ ਵਪਾਰੀਆਂ ਨੇ ਠਗਿਆ ਹੋਊ ।

ਬਾਬੂ : ਫੇਰ ਤੂੰ ਕਿਉਂ ਕਿਹਾ ਚੀਨ ਦਾ ਅਸਲੀ ਹੀਰੋ ਪੈੱਨ ਐ ।

ਹਾਜੀ : ਕਿੰਨੇ ਰੁਪਏ ਦਿੱਤੇ ਸਨ ?

ਬਾਬੂ : (ਦੋ ਉਂਗਲ ਖੜੀਆਂ ਕਰਕੇ) ਦੋ ਰੁਪਏ ਨਕਦ ।

ਹਾਜੀ : ਬਾਬੂ ਸਾਹਿਬ, ਦੋ ਰੁਪਏ ਵਿਚ ਅਸਲੀ ਪੈੱਨ ਭਾਲਦੇ ਹੋ । ਅਜ ਬਾਜ਼ਾਰ 'ਚ ਕੋਈ ਅਸਲੀ ਚੀਜ਼ ਮਿਲਦੀ ਵੀ ਹੈ ? ਬਨਾਸਪਤੀ ਵਿਚ ਗਰੀਸ ਫੇਰ ਵੀ ਲੋਕੀ ਜ਼ਹਿਰ ਖਾਈ ਜਾਂਦੇ ਨੇ, ਚਾਹ ਵਿਚ ਘੋੜਿਆਂ ਦੀ ਲਿਦ, ਫੇਰ ਵੀ ਜਨਤਾ ਡੀਕੀ ਜਾਂਦੀ ਐ, ਮਹਿੰਗੇ ਭਾਅ ਦੇ ਆਟੇ ਵਿਚ ਮਿੱਟੀ ਘੱਟਾ, ਫੇਰ ਵੀ ਭੁਖ ਮਿਟਾਣ ਲਈ ਲੋਕਾਂ ਨੂੰ ਖਾਣਾ ਪੈਂਦਾ । ਤੁਸੀ ਆਪ ਹੀ ਦੱਸੋ ਕਿਹੜੀ ਚੀਜ਼ ਅਸਲੀ ਹੈ । ਬੰਦੇ ਵੀ ਨਕਲੀ, ਬੇ ਪਛਾਣ, ਮਖੌਟੇ ਪਾਈ ਫਿਰਦੇ ਨੇ ।

ਬਾਬੂ : ਪਰ ਗਰੀਬਾਂ ਨਾਲ ਠਗੀ ਤਾਂ ਨਾ ਕਰੋ । ਤੇਰੀ ਜਾਣੇ ਬਲਾ ਮੈਂ ਕਿੱਦਾਂ ਟੱਬਰ ਪਾਲਦਾਂ ।

ਹਾਜੀ : (ਹਮਦਰਦੀ ਨਾਲ) ਕਿਆ ਤੂੰ ਸਚਮੁਚ ਗਰੀਬ ਹੈਂ ।

ਬਾਬੂ : ਕੀ ਮੇਰਾ ਚਿਹਰਾ ਉਗਾਹੀ ਨਹੀਂ ਭਰ ਰਿਹਾ ?

ਹਾਜੀ : ਕਿਉਂ ਨਹੀਂ, ਮੁਆਫ ਕਰੋ, ਦਸੋ ਕਿਆ ਚਾਹੁੰਦੇ ਓ ? ਪੈਸੇ ਵਾਪਸ ਲੈਣੇ ਕਿ ਹੋਰ ਪੈੱਨ ?

ਬਾਬੂ : ਬਦਲੇ ਵਿਚ ਅਸਲੀ ਪੈੱਨ ।

ਹਾਜੀ : ਆਹ ਲਓ ਅਸਲੀ ਹੀਰੋ ਪੈੱਨ । ਇਸਦੀ ਕੀਮਤ ਚਾਲੀ ਰੁਪਏ ਹੈ ।

ਬਾਬੂ : ਹੈਂ, ਚਾਲੀ ? ਅਜ ਪਤਾ ਕਿੰਨੀ ਤਰੀਕ ਹੈ ? ਜ਼ਹਿਰ ਖਾਣ ਨੂੰ ਵੀ ਮੇਰੇ ਪਾਸ ਰੁਪਿਆ ਨਹੀਂ ।

ਹਾਜੀ : ਚਲੋ ਲੈ ਜਾਓ, ਮੌਜ ਕਰੋ, ਖੁਸ਼ ਰਹੋ ਔਰ ਸਰਕਾਰ ਨੂੰ ਦੁਆਵਾਂ ਦਿਓ ਜਿਨੇ ਗਰੀਬੀ ਦਾ ਨਾਮੋ ਨਿਸ਼ਾਨ ਮਿਟਾ ਦਿੱਤਾ ਹੈ ।

ਬਾਬੂ ਖੁਸ਼ੀ ਖੁਸ਼ੀ ਜਾਂਦਾ ਹੈ । ਖਸਤਾ ਕਪੜਿਆਂ ਵਿਚ ਇਕ ਲੜਕੀ ਬੜੀ ਬੇਸਬਰੀ ਨਾਲ ਚੀਜ਼ਾਂ ਦੇਖਦੀ ਹੈ । ਉਹ ਸ਼ਕਲੋਂ ਕਾਫੀ ਸੋਹਣੀ ਹੈ ।



ਹਾਜੀ : ਸੋਹਣਿਓ, ਖਾਦਮ ਨੂੰ ਹੁਕਮ ਕਰੋ ਕਿਆ ਚਾਹੀਦਾ ?

ਲੜਕੀ : (ਅਦਰੋਂ ਖੁਸ਼, ਉਪਰੋਂ ਮੂੰਹ ਵਟ ਕੇ) ਭਾਈ, ਮੂੰਹ ਸੰਭਾਲ ਕੇ ਬੋਲ ।

ਹਾਜੀ : ਗੁਸਤਾਖੀ ਦੀ ਮਾਫੀ ਚਾਹੁੰਦਾ । ਕਿਆ ਚਾਹੀਦਾ ?

ਲੜਕੀ : ਵਲੈਤੀ ਸੁਰਮਾ ।

ਹਾਜੀ : ਵਲਾਇਤ ਵਿਚ ਮੇਮਾਂ ਸੁਰਮਾਂ ਨਹੀਂ ਪਾਂਦੀਆਂ ।

ਲੜਕੀ : ਹੋਰ ਕੀ ਪੌਂਦੀਆਂ ?

ਹਾਜੀ : ਆਹ ਆਈ ਲੈਸ਼ਰ ਵਰਤਦੀਆਂ, ਪਰ ਤੁਹਾਨੂੰ ਕਿਆ ਜ਼ਰੂਰਤ ਐ, ਤੁਹਾਡੀਆਂ ਅਖਾਂ ਤਾਂ ਰੱਬੋਂ ਕਾਲੀਆਂ ਸ਼ਾਹ ਨੇ । ਖੂਬਸੂਰਤੀ ਨੂੰ ਗਹਿਣਿਆਂ ਦੀ ਕਿਆ ਜ਼ਰੂਰਤ ।

ਲੜਕੀ : ਭਾਈ ਤੂੰ ਤਾਂ ਭਾਈ ਮਖੌਲ ਕਰਦਾਂ ।

ਹਾਜੀ : ਬਿਲਕੁਲ ਨਹੀਂ ! ਮੇਰੀ ਕਿਆ ਮਜਾਲ ਆਪਣੇ ਸਜੀਲੇ ਗਾਹਕ ਨੂੰ ਨਾਰਾਜ਼ ਕਰਕੇ ਅਪਨਾ ਨੁਕਸਾਨ ਕਰਾਂ ।

ਲੜਕੀ : ਲਿਪਸਟਿਕ ਹੈ ਤੇਰੇ ਪਾਸ ? ਮੈਂ ਮਾਲਕਣ ਦੀ ਲੜਕੀ ਨੂੰ ਜਨਮ ਦਿਨ ਦਾ ਤੋਹਫਾ ਦੇਣਾ ।

ਹਾਜੀ : ਛੱਤੀ ਸ਼ੇਡ ਨੇ ਲਿਪਸਟਿਕ ਦੇ ਮੇਰੇ ਪਾਸ । ਲਓ ਪਸੰਦ ਕਰੋ ।

ਲੜਕੀ : ਇਹਦਾ ਮੁਲ ਕੀ ਐ ਤੇ ਉਹਦਾ ਕੀ ?

ਹਾਜੀ : ਇਸ ਦੀ ਕੀਮਤ ਦਸ ਰਪੈ ਉਸ ਦੀ ਕੁਲ ਦੋ ।

ਲੜਕੀ : ਆਹ ਸਮਾਂ ਜਾਦਾ ਚਮਕਦੀ ਐ ।

ਹਾਜੀ : ਨਕਲੀ ਚੀਜ਼ ਜ਼ਿਆਦਾ ਹੀ ਚਮਕਦੀ ਹੁੰਦੀ ਐ । ਕਿਉਂ ? ਨਹੀਂ ਪਸੰਦ ? ਹੋਰ ਦਿਖਾਵਾਂ ?

ਲੜਕੀ : ਪਸੰਦ ਤਾਂ ਬਹੁਤ ਐ ਪਰ ਮੇਰੇ ਪਾਸ ਐਨੇ ਪੈਸੇ ਨਹੀਂ ।

ਹਾਜੀ : ਕਿੰਨੇ ਪੈਸੇ ਨੇ ਤੇਰੇ ਪਾਸ ?

ਲੜਕੀ : ਸਵੇਰ ਦਾ ਇਕੋ ਰੁਪਿਆ ਕਮਾਇਆ । ਇਕ ਰੁਪਏ ਦੀ ਕੋਈ ਚੀਜ਼ ਨਹੀਂ ਤੇਰੇ ਪਾਸ ?

ਹਾਜੀ : ਲਓ ਆਹ ਅਸਲੀ ਲੈ ਜਾਓ, ਮਾਲਕਣ ਦੀ ਲੜਕੀ ਖੁਸ਼ ਹੋ ਜਾਊ ।

ਲੜਕੀ : ਕਿਨੇ ਮੁਲ 'ਚ ?

ਹਾਜੀ : ਸਿਰਫ ਇਕ ਰੁਪਏ 'ਚ ।

ਲੜਕੀ : ਕਿਉਂ ?

ਹਾਜੀ : ਮੈਂ ਅੱਜ ਮਾਲ ਮੁਫ਼ਤ ਲੁਟਾ ਰਿਹਾਂ ।

ਲੜਕੀ : (ਉਸ ਵਲ ਦਿਲਚਸਪੀ ਨਾਲ ਤਕਦੀ ਹੋਈ) ਉਹ ਕਿਉਂ ?

ਹਾਜੀ : ਮੈਂ ਇਹ ਧੰਦਾ ਛਡ ਰਿਹਾਂ । ਨਵਾਂ ਕੰਮ ਸ਼ੁਰੂ ਕਰਨਾ ।

ਲੜਕੀ : ਕੀ ਨਵੇਂ ਕੰਮ ਲਈ ਪੈਸੇ ਨਹੀਂ ਚਾਹੀਦੇ ? ਮੁਫ਼ਤ ਕਿਉਂ ਲੁਟਾਂ ਰਿਹੈਂ ?

ਹਾਜੀ : ਸਰੀਰਾਂ ਵਾਂਗ ਦਿਲਾਂ ਦ ਸੌਦੇ ਨਹੀਂ ਹੁੰਦੇ ।

ਲੜਕੀ : (ਹੋਰ ਦਿਲਚਸਪੀ ਨਾਲ ਦੇਖਦੀ ਹੋਈ) ਅਜੀਬ ਬੰਦਾ ਹੈਂ ਤੂੰ ।

ਹਾਜੀ : ਤੇਰਾ ਘਰ ਕਿੱਥੇ ਹੈ ?

ਲੜਕੀ : ਕਿਤੇ ਵੀ ਨਹੀਂ, ਪਟੜੀ ਤੇ ਸਮਝੋ ।

ਹਾਜੀ : ਤੇਰੇ ਮਾਂ ਬਾਪ ।

ਲੜਕੀ : (ਅੱਖਾ ਭਰ ਕੇ) ਬਾਪ ਬਜ਼ੁਰਗ ਹੈ, ਮਾਂ ਬੀਮਾਰ ਪਈ ਐ ।

ਹਾਜੀ : (ਹਮਦਰਦੀ ਨਾਲ) ਤੇਰੀ ਮਾਂ ਬੀਮਾਰ ਹੈ ? ਕਿਥੇ ਹੈ ਉਹ ?

ਲੜਕੀ : ਖੋਲੀ 'ਚ ਮੇਰੀ ਜਾਨ ਨੂੰ ਰੋਂਦੀ ਹੋਊ । ਕੰਮ ਮੁਕੇ ਤਾਂ ਘਰ ਜਾਮਾਂ ।

ਹਾਜੀ : ਤੈਨੂੰ ਕੋਈ ਪੱਕੀ ਨੌਕਰੀ ਲੈ ਦਿਆਂ ?

ਲੜਕੀ : ਅੰਨੇ ਨੂੰ ਦੋ ਅੱਖਾਂ ਦੇਣ ਬਰਾਬਰ ਪੁੰਨ ਹੋਊ ਤੇਰਾ । ਦਰ ਦਰ ਧੱਕੇ ਖਾਣ ਨਾਲੋਂ ਚੰਗਾ —— (ਅੱਖਾਂ ਭਰ ਲੈਂਦੀ ਹੈ ।)

ਹਾਜੀ : (ਝਕਦਾ ਹੋਇਆ) ਦਰਅਸਲ ਮੈਨੂੰ ਖੁਦ ਇਕ ਮਦਦਗਾਰ ਦੀ ਜ਼ਰੂਰਤ ਹੈ । ਕੱਲਾ ਕਾਰਾ ਅੱਖ ਨਹੀਂ ਝਮਕ ਸਕਦਾ । ਇਹ ਹੋਰ ਉਚੱਕਿਆਂ ਦਾ ਸ਼ਹਿਰ ਐ । ਸ਼ਰਾਫਤ ਨਾਲ ਜੀਣਾ ਇਥੇ ਬਹੁਤ ਔਖਾ । ਠੀਕ ਕਿਹਾ ਮੈਂ ?

ਲੜਕੀ : ਹਾਂ ।

ਹਾਜੀ : ਤੇਰੀਆਂ ਗੱਲਾਂ ਸੁਣ ਕੇ ਮੇਰਾ ਦਿਲ ਪੰਘਰ ਗਿਆ ਹੈ । ਕੁਝ ਸਾਲ ਪਹਿਲਾਂ ਮੈਂ ਵੀ ਤੇਰੇ ਵਾਂਗ ਭਟਕਦਾ ਫਿਰਦਾ ਸੀ । (ਅੱਖਾਂ ਵਿਚ ਤਕਦਾ ਹੋਇਆ) ਮੈਂ ਤੇਰਾ ਦੁਖ ਵੰਡਾਣਾ ਚਾਹੁੰਦਾਂ ।



ਲੜਕੀ : (ਅਹਿਸਾਨ ਮੰਦ ਅੱਖਾਂ ਨਾਲ ਤਕਦੀ ਹੋਈ) ਸ਼ੁਕਰੀਆ

ਹਾਜੀ : ਸ਼ੁਕਰੀਏ ਵਾਲੀ ਕੋਈ ਗਲ ਨਹੀਂ । ਚਿਰਾਂ ਤੋਂ ਮੈਂ ਕਿਸੇ ਸਾਥੀ ਦੀ ਤਲਾਸ਼ 'ਚ ਸੀ ਜਿਹੜੀ ਮੈਨੂੰ ਸਹਾਰਾ ਦੇ ਸਕੇ ।

ਲੜਕੀ : ਮੈਂ ਸਾਥ ਦੇਣ ਜੋਗੀ ਤਾਂ ਬਿਲਕੁਲ ਨਹੀਂ ਚਾਕਰੀ ਕਬੂਲ ਕਰਨ ਨੂੰ ਤਿਆਰ ਹਾਂ ।

ਹਾਜੀ : ਸਾਥ ਦੇਣ ਜੋਗੀ ਕਿਉਂ ਨਹੀਂ ?

ਲੜਕੀ : ਦਰ ਬਦਰ ਧੱਕੇ ਖਾਣ ਵਾਲੀ ਗਰੀਬ ਔਰਤ ਦੀ ਇੱਜ਼ਤ ਲੁੱਟੀ ਪੁੱਟੀ ਹੁੰਦੀ ਐ । ਮੈਂ ਤੁਹਾਡੇ ਵਰਗੇ ਸ਼ਰੀਫ ਔਰ ਹਮਦਰਦ ਇਨਸਾਨ ਨੂੰ ਧੋਖਾ ਨਹੀਂ ਦੇਣਾ ਚਾਹੁੰਦੀ ।

ਹਾਜੀ (ਕੁਝ ਪਲ ਬੇਵਾਕ ਉਸ ਵਲ ਦੇਖਦਾ ਹੋਇਆ) ਪਹਿਲੀ ਦਫ਼ਾ ਕਿਸੇ ਨੇ ਮੇਰੇ ਬਾਰੇ ਐਨੇ ਚੰਗੇ ਲਫ਼ਜ਼ ਕਹੇ ਨੇ । ਸਚ ਕਹਿਨਾ ਤੇਰੇ ਇਨ੍ਹਾਂ ਬੋਲਾਂ ਨੇ ਮੇਰਾ ਦਿਲ ਹਲਾਲ ਕਰ ਦਿੱਤਾ ਹੈ । ਜੇ ਤੂੰ ਮੇਰਾ ਹੱਥ ਕਬੂਲ ਕਰੇਂ, ਮੈਂ ਅੱਲਾ ਪਾਕ ਨੂੰ ਹਾਜ਼ਰ ਨਾਜ਼ਰ ਜਾਣ ਕੇ ਵਹਿਦਾ ਕਰਦਾਂ, ਤੋੜ ਹਸ਼ਰ ਤਕ ਨਿਭਾਵਾਂਗਾ । ਮਿੱਟੀ ਘੱਟੇ 'ਚ ਰੁਲ ਰਿਹਾ ਤੂੰ ਹੀਰਾ ਹੈਂ ।

ਲੜਕੀ : (ਭਰੀਆਂ ਅੱਖਾਂ ਨਾਲ) ਇਹ ਬਾਂਦੀ ਵੀ ਉਮਰ ਭਰ ਅਹਿਸਾਨ ਭੁੱਲਣ ਵਾਲੀ ਨਹੀਂ, ਗਰੀਬਾਂ ਕੋਲ ਇਕੋ ਚੀਜ਼ ਹੁੰਦੀ ਐ ਸੱਚਾ ਦਿਲ ।

ਹਾਜੀ : (ਦੋਵੇਂ ਹਥ ਫੜ ਕੇ) ਤੇਰਾ ਨਾਮ ?

ਲੜਕੀ : ਨੂਰ ਬਾਈ ।

ਹਾਜੀ : ਪਰ ਮੈਂ ਨੂਰ ਬੀਬੀ ਕਹਾਂਗਾ ।

ਲੜਕੀ : (ਪਹਿਲੀ ਦਫ਼ਾ ਮੁਸਕਰਾ ਕੇ) ਉਹ ਕਿਉਂ ?

ਹਾਜੀ : ਜਿੰਨਾ ਚਿਰ ਨਿਕਾਹ ਨਹੀਂ ਹੁੰਦਾ, ਸਿਰਫ ਉੱਨਾ ਚਿਰ, ਫੇਰ ਤੂੰ ਮੇਰੀ ਨੂਰ ਜਹਾਨ ਹੋਵੇਂਗੀ ।

ਨੂਰ ਬਾਈ ਹਾਜੀ ਦੇ ਪੈਰਾਂ ਤੇ ਝੁਕ ਜਾਂਦੀ ਹੈ । ਉਹ ਦੋਵੇਂ ਹੱਥਾਂ ਨਾਲ ਫੜ ਕੇ ਉਠਾਲਦਾ ਹੈ ।

ਲੜਕੀ : ਮੈਂ ਇਸ ਕਾਬਲ ਨਹੀਂ——

ਹਾਜੀ : ਨੂਰ ਬੀਬੀ, ਮੇਰੀਆਂ ਅੱਖਾਂ ਵਿਚ ਦੇਖ । ਮੈਂ ਬਹੁਤ ਕੁਝ ਦੇਖ ਚੁੱਕਾਂ, ਜੋ ਬਾਹਰੋਂ ਲਿਸ਼ਕਦੇ ਪੁਸ਼ਕਦੇ ਨੇ, ਜ਼ਰੂਰੀ ਨਹੀਂ ਉਹ ਸ਼ਰੀਫ ਜ਼ਾਦੇ ਹੋਣ । ਓਹ ਸਾਹਮਣੇ ਕਾਰ ਦੇਖਦੀ ਹੈਂ ? ਮੈਂ ਦੋਹਾਂ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ । ਉਹ

ਸੂਟਿਡ ਬੂਟਿਡ ਮਰਦ ਮਹਾਂ ਬਦਮਾਸ਼ ਹੈ, ਪੁਜ ਕੇ ਕਮੀਣਾ, ਗੰਦਗੀ ਦਾ ਕੀੜਾ। ਦੇਖਣ ਨੂੰ ਇਉਂ ਲਗਦਾ ਜਿੱਦਾਂ ਹੁਣੇ ਅਸਮਾਨ ਤੋਂ ਉਤਾਰਿਆ ਹੋਇਆ ਫਰਿਸ਼ਤਾ ਹੁੰਦਾ।

ਲੜਕੀ : ਬੀਵੀ ਦੀ ਬਦ-ਕਿਸਮਤੀ।

ਹਾਜੀ : ਉਹ ਉਸ ਦੀ ਔਰਤ ਨਹੀਂ। ਨਹਾਇਤ ਜ਼ਲੀਲ ਲੜਕੀ ਐ। ਦਿੱਲੀ ਦੇ ਕਿਸੇ ਧਨਾਢ ਦੀ ਇਕਲੌਤੀ ਬੇਟੀ, ਫਿਲਮ ਲਾਈਨ ਵਿਚ ਜਾਣ ਖ਼ਾਤਰ ਜਿਸਮ ਲੁਟਾ ਰਹੀ ਐ।

ਨੂਰ ਬਾਈ : ਜਦੋਂ ਫਿਲਮਾਂ ਵਿਚ ਚੜ ਮਚੀ, ਇਹਨੇ ਪਾਕੀਜ਼ਾ ਬਣ ਜਾਣਾ।

ਹਾਜੀ : ਕੋਈ ਜ਼ਰੂਰੀ ਨਹੀਂ, ਦਰਜਨਾਂ ਹਾਰ ਹੁਟ ਕੇ ਖੁਦਕਸ਼ੀ ਕਰ ਚੁੱਕੀਆਂ ਨੇ।

ਨੂਰ : ਹੈਂ!

ਹਾਜੀ : ਨੂਰ ਬੀਬੀ, ਤੂੰ ਜ਼ਿੰਦਗੀ ਦਾ ਕਾਲਾ ਪਾਸਾ ਨਹੀਂ ਦੇਖਿਆ। ਮੈਂ ਹੋਟਲਾਂ, ਘਾਟਾਂ, ਬਜ਼ਾਰਾਂ 'ਚ ਗੁਪਤ ਦਨੀਆਂ ਦੇ ਸਾਰੇ ਰੰਗ ਦੇਖ ਕੇ ਵੀ ਬੇ ਲਾਗ ਰਿਹਾਂ।

ਲੜਕੀ : (ਘੁਟ ਕੇ ਹਥ ਫੜਦੀ ਹੋਈ) ਇਹ ਕਹਿਣ ਦੀ ਲੋੜ ਨਹੀਂ।

ਹਾਜੀ : ਅਪਣਾ ਰਿਸ਼ਤਾ ਸੱਚਾ ਸੁੱਚਾ ਹੋਵੇਗਾ।

ਨੂਰ : ਇਹੋ ਕਹਿ ਸਕਦੀ ਆਂ, ਮੈਨੂੰ ਅਪਨਾ ਕੇ ਤੁਸੀ ਪਛਤਾਉਗੇ ਨਹੀਂ। ਖਰ ਇਕ ਗਰੀਬ ਲੜਕੀ ਦਾ ਵਫਾਦਾਰ ਦਿਲ ਹੀ ਉਸ ਦਾ ਦਹੇਜ ਹੁੰਦਾ!

ਹਾਜੀ : (ਦੋਵੇਂ ਹਥ ਫੜ ਕੇ) ਨੂਰ ਬੀਬੀ, ਇਹ ਕੀ ਇਸ਼ਾਰਾ ਕੀਤਾ। ਮੈਨੂੰ ਕਿਸੇ ਚੀਜ਼ ਦੀ ਜ਼ਰੂਰਤ ਨਹੀਂ। ਮੈਂ ਅਪਣੀ ਕੰਗਾਲੀ ਦੇ ਦਿਨ ਕਦੇ ਨਹੀਂ ਭੁਲ ਸਕਦਾ। ਸੋਨੇ ਲੱਦੀਆਂ ਅਮੀਰ ਦਗਲਾਂ ਨਾਲੋਂ ਤੂੰ ਹਜ਼ਾਰ ਦਰਜ ਬਿਹਤਰ ਇਨਸਾਨ ਹੈਂ।

ਨੂਰ : ਆਪ ਕਿੰਨੇ ਉਚੇ ਇਨਸਾਨ ਹੋ, ਮੈਂ ਹੈਰਾਨ ਆਂ——

ਹਾਜੀ : ਤੂੰ ਅਜ ਹੀ ਅਪਣੀ ਅੰਮਾਂ ਨਾਲ ਗਲ ਕਰੀਂ। ਉਸ ਦੇ ਇਲਾਜ ਦਾ ਕਲ ਤੋਂ ਬੰਦੋਬਸਤ ਕਰਾਂਗੇ।

ਨੂਰ : ਓਹ ਕਿਆ ਹੋਇਐ? ਸਭ ਮਾਲ ਚੁਕ ਕੇ ਨਠ ਪਏ! ਅਸੀਂ ਵੀ ਸਮੇਟੀਏ।



ਹਾਜੀ : ਜ਼ਰਾ ਫ਼ਿਕਰ ਨਾ ਕਰ! ਸਾਨੂੰ ਕੋਈ ਕੁਛ ਨਹੀਂ ਕਹੇਗਾ। ਤੂੰ ਦੇਖਦੀ ਰਹੁ।

ਨੂਰ : ਕਿਉਂ?

ਹਾਜੀ : ਮਹੀਨਾ ਬੱਧਾ ਹੋਇਆ।

ਨੂਰ : ਫੇਰ ਇਹ ਵਿਚਾਰੇ ਕਿਉਂ——

ਹਾਜੀ : ਏਹ ਹਰਾਮੀ ਕੁਛ ਦਵਾਲ ਨਹੀਂ। ਓਇ ਕਰਮੂ ਚਾਂਦੀ ਦੀ ਜੁੱਤੀ ਮਾਰ।

ਕਰਮੂ : ਮੈਂ ਧੋੜੀ ਦੀ ਮਾਰਨ ਨੂੰ ਤਿਆਰ ਨਹੀਂ।

ਹਾਜੀ : ਫੇਰ ਕਿਸੇ ਦਿਨ ਮਾਲ ਸਮੇਤ ਗਰਦਨ ਵੀ ਭਨਾ ਬੈਠੇਂਗਾ।

ਕਰਮੂ : (ਮਾਲ ਲੈ ਕੇ ਨੱਸਾਂ ਜਾਂਦਾ) ਦੇਖੀ ਜਾਊ।

ਸਿਪਾਹੀ : (ਜ਼ਮੀਨ ਤੇ ਡੰਡਾ ਮਾਰਕੇ) ਉਇ ਮੁਸ਼ਟੰਡੇ, ਚੁਕ ਲੈ ਮਾਲ, ਨਹੀਂ ਤਾਂ ਟਰੱਕ 'ਚ ਲਦ ਲਾਂਗੇ ਸਣੇ ਸਜੀਲੇ ਗਾਹਕ ਦੇ।

ਹਾਜੀ : (ਇਕੱਠਾ ਕਰਦਾ ਹੋਇਆ) ਹੁਣੇ ਲਓ ਹੌਲਦਾਰ ਸਾਹਿਬ। (ਅੱਖ ਮਾਰ ਕੇ) ਮੈਂ ਕਿਹਾ ਬੀਵੀ ਲਈ ਕਲਿਪ ਸ਼ਲਿਪ ਲੈ ਜਾਓ, ਚੰਗੀ ਖਿਦਮਤ ਕਰੂ।

ਸਿਪਾਹੀ : (ਮੁੜ ਕੇ ਝੂਠੀ ਮੂਠੀ) ਓਇ, ਤੂੰ ਅਜੇ ਚੁਕਿਆ ਨਹੀਂ ਸਮਾਨ।

ਡੰਡਾ ਜ਼ਮੀਨ ਤੇ ਮਾਰਦਾ ਹੈ। ਨਾਲੇ ਆਲੇ ਦੁਆਲੇ ਦੇਖ ਕੇ ਸੁਨਹਿਰੀ ਕਲਿਪ ਫੜ ਕੇ ਜੇਬ ਵਿਚ ਪਾ ਲੈਂਦਾ ਹੈ।

ਹਾਜੀ : ਦੇਖਿਆ ਨਜ਼ਾਰਾ, ਸਾਰਾ ਕਾਲਾ ਧੰਦਾ ਇਸੇ ਤਰ੍ਹਾਂ ਚਲਦਾ। ਹੇਠ ਤੋਂ ਉਪਰ ਤਕ ਸਭ ਭਾਈਵਾਲ ਨੇ। ਓਹ ਅਸਮਾਨ ਛੋਂਹਦਾ ਹੋਟਲ, ਇਹ ਆਲੀ ਸ਼ਾਨ ਬਿਲਡਿੰਗ ਸਭ ਹਰਾਮ ਦੀ ਕਮਾਈ ਦਾ ਕਰਿਸ਼ਮਾ। ਬੰਬਈ ਸ਼ਹਿਰ ਦੀ ਅੱਧੀ ਦੌਲਤ ਕਾਲੇ ਧੰਦੇ ਦੀ ਬਦੌਲਤ ਜਮਾਂ ਹੁੰਦੀ ਹੈ।

ਨੂਰ : ਦੇਖੋ! ਉਹ ਕਿਉਂ ਨੱਠਾ ਆਉਂਦਾ?

ਹਾਜੀ : ਜੇਬ ਕਤਰਾ। ਜ਼ਰੂਰ ਕੋਈ ਕਾਰਾ ਕਰਕੇ ਆਇਆ।

ਨੂਰ : ਹੁਣੇ ਜ਼ਨਾਨਾ ਪਰਸ ਲੁਕਾਇਆ ਝੱਗੇ ਹੇਠ।

ਹਾਜੀ : ਓਇ ਗਾਮੇ, ਛਡ ਦੇ ਉਲਟੇ ਲੱਛਣ।

ਗਾਮਾ : ਗਰੀਬਾਂ ਦਾ ਲਹੂ ਪੀਣ ਵਾਲਿਆਂ ਨਾਲ ਹਮਦਰਦੀ ਕਦੋਂ ਦੀ ਜਾਗ ਪਈ?

ਹਾਜੀ : ਲਫੜੇ ਬਿਨਾ ਤੂੰ ਸੂਤ ਨਹੀਂ ਆਉਂਣਾ।

ਗਾਮਾ : ਓਇ ਜਾਹ, ਆਇਆ ਵੱਡਾ ਪਾਕ ਦਾਮਨ। ਸ਼ਾਮ ਨੂੰ ਆ ਜਾਵੀ ਉਥੇ। (ਅੱਖ ਨਾਲ ਇਸ਼ਾਰਾ ਕਰਕੇ) ਇਹਦੇ ਨਾਲੋਂ ਵਧੀਆ ਮਾਲ ਮਿਲਊ।

ਹਾਜੀ : (ਗੁੱਸੇ ਨਾਲ ਉਸ ਵਲ ਵਧਦਾ ਹੋਇਆ) ਠਹਿਰ ਜਾ ਸੂਰ ਦਿਆ ਪੁੱਤਰਾ ਤੈਨੂੰ ਦੱਸਾਂ।

ਉਹ ਝਕਾਂਦਾ ਹੋਇਆ ਨਸ ਜਾਂਦਾ ਹੈ।

ਵੇਖੋ ਏਸ ਦੁਨੀਆਂ ਦੇ ਰੰਗ ਢੰਗ।

ਨੂਰ : ਅਸੀਂ ਕਾਲਾ ਧੰਦਾ ਨਹੀਂ ਕਰਨਾ।

ਹਾਜੀ : ਕਮਲੀਏ, ਪੈਸੇ ਬਿਨਾ ਅਜ ਇਨਸਾਨ ਦੀ ਕੌਡੀ ਕੀਮਤ ਨਹੀਂ। ਲਿਆਕਤ ਨੂੰ ਕੋਈ ਨਹੀਂ ਪੁਛਦਾ। ਅਸੀਂ ਦੋਹਾਂ ਨੇ ਮਿੱਟੀ ਘੱਟੇ 'ਚ ਰੁਲ ਕੇ ਬਥੇਰਾ ਦੇਖ ਲਿਆ ਹੈ, ਗਰੀਬ ਦੀ ਕੋਈ ਸੁਣਾਈ ਨਹੀਂ। ਇਸ ਭ੍ਰਿਸ਼ਟ ਸਮਾਜ ਤੋਂ ਬਦਲਾ ਲੈਣ ਦਾ ਸਾਡੇ ਸਾਹਮਣੇ ਇਕੋ ਰਾਹ ਹੈ।

ਨੂਰ : ਉਹ ਕਿਹੜਾ ?

ਹਾਜੀ : ਕਾਲਾ ਧੰਦਾ। ਤੇਰੀ ਗਲ ਬਾਰੇ ਪਿਛੋਂ ਸੋਚਾਂਗੇ, ਬੜੀ ਉਮਰ ਪਈ ਐ। ਪਹਿਲਾਂ ਤਾਂ ਜਿਨ੍ਹਾਂ ਅਫਸਰਾਂ ਅਮੀਰਾਂ, ਵਜੀਰਾਂ ਨੇ ਅੰਮਾਂ ਔਰ ਤੇਰੀ ਇੱਜ਼ਤ ਲੁੱਟੀ ਐ ਉਨ੍ਹਾਂ ਤੋਂ ਤੇਰੀਆਂ ਜੁੱਤੀਆਂ ਚਟਾ ਕੇ ਬਦਲੇ ਦੀ ਅਗ ਬੁਝਾਵਾਂਗਾ।

ਬੱਤੀਆਂ ਬੁਝ ਕੇ ਜਗਦੀਆਂ ਹਨ ਤਾਂ ਦੀਵਾਨਾ ਹਸਦਾ ਸੁਣਾਈ ਦਿੰਦਾ ਹੈ।

ਰਿਪੋਰਟਰ : ਇਹ ਕਿਉਂ ਹਸ ਰਿਹਾ ?

ਹਾਜੀ : ਸ਼ਾਇਦ ਚੌਕੀਦਾਰ ਨੂੰ ਦੇਖ ਕੇ ਹਸ ਰਿਹਾ।

ਰਿਪੋਰਟਰ : ਉਹ ਕੀ ਕਰ ਰਿਹਾ ?

ਹਾਜੀ : ਸ਼ੇਖ ਚਿਲੀ ਵਾਂਗ ਹਵਾਈ ਕਿਲੇ ਉਸਾਰ ਰਿਹਾ।

ਰਿਪੋਰਟਰ : ਕੀ ਮਤਲਬ ?

ਹਾਜੀ : ਵਿਚਾਰਾ ਬਹੁਤ ਗਰੀਬ ਹੈ। ਮੈਂ ਦਸ ਹਜ਼ਾਰ ਲਈ ਉਸ ਨੂੰ ਚਿਟ ਦਿਤੀ ਸੀ ਉਸ ਨਾਲ ਹਵਾ ਮਹਿਲ ਖੜੇ ਕਰ ਰਿਹਾ ਮਲੂਮ ਹੁੰਦਾ।

ਰਿਪੋਰਟਰ : ਪੈਸਾ ਹਥ ਲਗਣ ਤੋਂ ਪਹਿਲਾਂ ਦਿਮਾਗ ਅਸਮਾਨੇ ਚੜ ਗਿਆ ਗਰੀਬ ਦਾ।

ਦੋਵੇਂ ਉਸ ਨੂੰ ਦੇਖਕੇ ਹਸਦੇ ਹਨ। ਉਹ ਅਜੀਬ ਹਰਕਤਾਂ ਕਰਦਾ ਪੂਰੀ ਤਰ੍ਹਾਂ ਧਿਆਨ ਮਗਨ ਹੈ।



ਹਾਜੀ : (ਹਮਦਰਦੀ ਨਾਲ) ਵਿਚਾਰੇ ਦੀ ਗਰੀਬੀ ਨੇ ਮਤ ਮਾਰੀ ਹੋਈ ਸੀ।

ਰਿਪੋਰਟਰ : ਹਾਜੀ ਸਾਹਿਬ, ਤੁਹਾਡਾ ਫੁਟਪਾਥ ਧੰਦਾ ਬਹੁਤ ਦਿਲਚਸਪ ਰਿਹਾ।

ਹਾਜੀ : ਕੁਦਰਤ ਬੇਅੰਤ ਐ, ਕਾਲੇ ਬਦਲਾਂ 'ਚੋਂ ਵੀ ਰੋਸ਼ਨੀ ਦੀ ਲਿਸ਼ਕ ਦਿਖਾ ਦਿੰਦੀ ਐ ਵਰਨਾ ਬੇਸ਼ੁਮਾਰ ਬੰਦੇ ਹਨੇਰ 'ਚ ਹੀ ਦਮ ਘੁਟ ਕੇ ਮਰ ਜਾਣ।

ਰਿਪੋਰਟਰ : ਉਸ ਤੋਂ ਬਾਅਦ ਫੇਰ ਕਿਹੜਾ ਪੇਸ਼ਾ ਅਖਤਿਆਰ ਕੀਤਾ ?

ਹਾਜੀ : ਉਸ ਪਿਛੋਂ ਹਥ ਦਿਨੋ ਦਿਨ ਖੁੱਲਾ ਹੁੰਦਾ ਗਿਐ। ਨੇਕਬਖਤ ਬੀਵੀ ਦੇ ਮਿਲਾਪ ਨੇ ਦਿਲ ਨੂੰ ਬਹੁਤ ਸਕੂਨ ਦਿੱਤਾ।

ਰਿਪੋਰਟਰ : ਪਹਿਲੀ ਮੁਲਾਕਾਤ ਤੋਂ ਹੀ ਉਸ ਦੀਆਂ ਖੂਬੀਆਂ ਦੀ ਟੋਹ ਮਿਲਦੀ ਹੈ।

ਹਾਜੀ : ਚੋਰ ਬਾਜ਼ਾਰੀ ਦੇ ਭੇਦ ਤਾਂ ਖੁਲ੍ਹ ਹੀ ਗਏ ਸਨ ਮੈਂ ਸਿੱਧਾ ਮਾਲ ਮੰਗਵਾਣ ਲਗ ਪਿਆ। ਬਦੇਸਾਂ ਦੇ ਕਈ ਚੱਕਰ ਵੀ ਲਾ ਆਇਆ।

ਰਿਪੋਰਟਰ : ਮਸਲਨ ਕਿਹੜੀਆਂ ਤੇ ਕਿਥੋਂ ਚੀਜ਼ਾਂ ਮੰਗਵਾਣੀਆਂ ਸ਼ੁਰੂ ਕੀਤੀਆਂ ?

ਹਾਜੀ : ਰਿਪੋਰਟਰ ਸਾਹਬ, ਕਿਤੇ ਮੈਨੂੰ ਫਸਾਉਣ ਦਾ ਫੰਦਾ ਤਾਂ ਨਹੀਂ ਲਾ ਰਹੇ ?

ਰਿਪੋਰਟਰ : ਹਰਗਿਜ਼ ਨਹੀਂ। ਤੁਹਾਡੇ ਜਾਤੀ ਭੇਦ ਕਦੇ ਨਸ਼ਰ ਨਹੀਂ ਕਰਾਂਗਾ।

ਹਾਜੀ : ਫੇਰ ਮੈਂ ਤਹਾਨੂੰ ਆਪਣੀ ਰੋਜ਼ ਮੱਰਾ ਦੀ ਜ਼ਿੰਦਗੀ ਦੀ ਇੱਕ ਝਲਕ ਦਿਖਾਂਦਾ ਹਾਂ।

ਰਿਪੋਰਟਰ : ਜ਼ਰੂਰ ਇਸ ਤੋਂ ਬਿਨਾ ਤਸਵੀਰ ਅਧੂਰੀ ਰਹਿ ਜਾਣੀ ਸੀ।

ਬੱਤੀਆਂ ਬੁਝ ਜਾਂਦੀਆਂ ਹਨ। ਮੁੜ ਜਗਦੀਆਂ ਹਨ ਤਾਂ ਸੁਲਤਾਨ ਹਾਜੀ ਦਾ ਨਿੱਜੀ ਸਕੱਤਰ ਝਗੜਦਾ ਦਿਖਾਈ ਦਿੰਦਾ ਹੈ।

ਸਕੱਤਰ : ਚਲੋ ਬਾਹਰ ਖੜੋ ! ਦਿਨ ਚੜਦਾ ਨਹੀਂ, ਲਾਮ ਡੋਰੀ ਸ਼ੁਰੂ ਹੋ ਜਾਂਦੀ ਐ। ਰਾਤ ਪਤਾ ਨਹੀਂ ਕਿੰਦਾਂ ਨਿਕਲਦੀ ਏ। ਚਿਟਾਂ ਲਿਖ ਕੇ ਦਿਉ।

ਬੁਰਕੇਵਾਲੀ : ਜੀ, ਮੈਨੂੰ ਲਿਖਣਾ ਨਹੀਂ ਆਉਂਦਾ।

ਨੂਰ ਬੀਬੀ : ਸਕੱਤਰ ਸਾਹਿਬ, ਕਿਉਂ ਗਰੀਬਾਂ ਨੂੰ ਧੱਕੇ ਮਾਰਦੇ ਹੋ।

ਸਕੱਤਰ : ਬੇਗਮ ਸਾਹਿਬਾ, ਜੇ ਇਨ੍ਹਾਂ ਨੂੰ ਰੋਕੀਏ ਨਾ ਤਾਂ ਇਹ ਲੋਕ ਸਾਡਾ ਜੀਣਾ ਹਰਾਮ ਕਰ ਦੇਣਗੇ।

ਹਾਜੀ । ਕਿਆ ਬਾਤ ਹੈ ?

ਸਕੱਤਰ : (ਸਲਾਮ ਕਰਕੇ) ਮਿਰਜ਼ਾ ਸਾਹਿਬ, ਅਜ ਤਾਂ ਸਵਾਲੀਆਂ ਦੀ ਧਾੜ ਆ ਗਈ ਕਿਧਰੋਂ।

ਨੂਰ : ਇਸ ਦਾ ਮਤਲਬ ਭੁਖ ਨੰਗ ਦਿਨੋ ਦਿਨ ਵਾਧੇ ਤੇ ਹੈ।

ਹਾਜੀ : ਇਸ ਦਾ ਜ਼ਾਹਰਾ ਮਤਲਬ, ਪਿਛਲੇ 27 ਸਾਲਾਂ ਵਿਚ ਬਹੁਤ ਤਰੱਕੀ ਹੋਈ ਐ।

ਨੂਰ : ਅਮੀਰ ਹੋਰ ਅਮੀਰ ਤੇ ਗਰੀਬ ਹੋਰ ਗਰੀਬ ਹੋ ਗਏ ਨੇ।

ਹਾਜੀ : ਸ਼ੁਕਰ ਕਰ ਸਾਡੇ ਉਤੇ ਅੱਲਾਹ ਦੀ ਮਿਹਰ ਹੋ ਗਈ, ਨਹੀਂ ਤਾਂ ਅਸੀਂ ਵੀ ਕਰੋੜਾਂ ਇਨਸਾਨਾਂ ਵਾਂਗੂੰ ਰੁਲਦੇ ਫਿਰਨਾ ਸੀ।

ਸਕੱਤਰ : ਬੇਗਮ ਸਾਹਿਬਾ, ਸ਼ਰਾਫਤ ਨਾਲ ਜੀਣਾ ਮੁਸ਼ਕਲ ਹੋ ਗਿਆ ਹੈ।

ਹਾਜੀ : ਇੰਤਜ਼ਾਰ ਕਰਨ ਵਾਲਿਆਂ ਵਿਚ ਰਾਜਸੀ ਭਿਖਾਰੀ ਕਿੰਨੇ ਹੈਨ ?

ਸਕੱਤਰ : ਸਿਰਫ ਦੋ।

ਹਾਜੀ : ਉਨ੍ਹਾਂ ਫਕਰਿਆਂ ਨੂੰ ਸਭ ਤੋਂ ਅਖੀਰ ਬੁਲਾਣਾ, ਉਨ੍ਹਾਂ ਦੀ ਜ਼ਮੀਰ ਨੂੰ ਥੋੜ੍ਹੀ ਠੇਸ ਤਾਂ ਲੱਗੇ। ਬੇਸ਼ਕ ਚੀਕਦੇ ਰਹਿਣ, ਅੰਦਰ ਨਹੀਂ ਆਉਣ ਦੇਣਾ।

ਨੂਰ : ਲੋੜਮੰਦਾਂ ਨੂੰ ਪਰੇਸ਼ਾਨਾ ਨ ਕਰਿਆ ਕਰ।

ਹਾਜੀ : ਠੀਕ ਕਿਹਾ, ਹਕੀਕੀ ਜ਼ਰੂਰਤਮੰਦ ਨੂੰ ਇਕ ਮਿੰਟ ਵਿਚ ਭੁਗਤਾ ਦਿਆ ਕਰ।

ਸਕੱਤਰ : ਸੋਹਦੇ ਪਖੰਡੀਆਂ ਨੂੰ ਮੈਂ ਫੌਰਨ ਤਾੜ ਜਾਂਦੈਂ। ਮੱਖੀਆਂ ਵਾਂਗ ਉੜਾ ਦੇਈਦੇ ਨੇ।

ਹਾਜੀ : ਸ਼ਾਬਾਸ਼, ਠੀਕ ਕੰਮ ਕਰ ਰਿਹਾਂ।

ਸਕੱਤਰ : ਇਕ ਬੁਰਕੇ ਵਾਲੀ ਔਰਤ ਬਹੁਤ ਰੋਂਦੀ ਹੈ। ਸ਼ਾਇਦ ਉਸ ਦਾ ਖਾਵੰਦ ਮਰ ਗਿਆ।

ਹਾਜੀ : (ਪਸੀਜ ਕੇ ਨੂਰ ਬਾਈ ਨੂੰ) ਉਸ ਦੀ ਤਕਲੀਫ ਗੌਰ ਨਾਲ ਸੁਣੋ, ਫੌਰਨ ਜ਼ਰੂਰਤ ਪੂਰੀ ਕਰੋ।

ਨੂਰ : ਮੈਂ ਖੁਦ ਦੇਖਦੀ ਹਾਂ।

ਹਾਜੀ : ਹੋਰ ਕੌਣ ਹੈ ?

ਸਕੱਤਰ : ਇਕ ਮੌਲਾਨਾ ਦੇਰ ਤੋਂ ਝਗੜ ਰਿਹਾ।



ਹਾਜੀ : ਚਾਹੁੰਦਾ ਕਿਆ ਹੈ ? ਫੌਰਨ ਮਤਲਬ ਸਮਝਿਆ ਕਰੋ। ਇਸ ਤਰ੍ਹਾਂ ਤਾਂ ਅਸੀਂ ਪਾਗਲ ਹੋ ਜਾਵਾਂਗੇ, ਤਕਰੀਰਾਂ ਸੁਣ ਸੁਣ ਕੇ।

ਸਕੱਤਰ : ਉਸ ਨੇ ਮਜ਼ਦੂਰ ਬਸਤੀ ਵਿਚ ਸਕੂਲ ਖੋਲ੍ਹ ਰਖਿਆ ਹੈ।

ਹਾਜੀ : ਮਤਲਬ ਰੋਜ਼ੀ ਦਾ ਜ਼ਰੀਆ ਬਣਾਇਆ ਹੋਇਐ।

ਸਕੱਤਰ : ਜੀ ਹਾਂ, ਚੰਦਾ ਲੈਣ ਆਇਆ ਮਲੂਮ ਹੁੰਦਾ।

ਹਾਜੀ : ਦਰਅਸਲ ਲੋਕਾਂ ਨੂੰ ਸਾਡੀ ਕਮਜ਼ੋਰੀ ਦਾ ਭੇਦ ਖੁਲ੍ਹ ਗਿਐ।

ਸਕੱਤਰ : ਤੁਸੀ ਚਾਰ ਵਜੇ ਸਰਜੀਤ ਸਟੂਡੀਓ ਵੀ ਪਹੁੰਚਣਾ। ਨਵੀਂ ਫਿਲਮ ਦਾ ਮਹੂਰਤ ਕਰਨਾ।

ਹਾਜੀ : ਮੈਨੂੰ ਚੰਗੀ ਤਰ੍ਹਾਂ ਯਾਦ ਹੈ, ਵਕਤ ਤੇ ਪੁੱਜਾਂਗੇ। ਤੂੰ ਜਲਦੀ ਜਲਦੀ ਇਨ੍ਹਾਂ ਲੋਕਾਂ ਨੂੰ ਭੁਗਤਾ। ਪਹਿਲਾਂ ਮੌਲਾਨਾ ਨੂੰ ਬੁਲਾ।

ਸਕੱਤਰ : ਓਹ ਆਪੇ ਮੂੰਹ ਚੁੱਕੀ ਤੁਰਿਆ ਆਉਂਦਾ।

ਮੌਲਾਨਾ : ਸਾਲਾਮਾ ਲੈਕਮ।

ਹਾਜੀ : ਵਾ ਲੈਕਮ ਸਲਾਮ। ਫਰਮਾਓ ਕਿਆ ਹੁਕਮ ਹੈ ?

ਮੌਲਾਨਾ : ਹਜ਼ੂਰ ਦੇ ਦੀਦਾਰ ਕੀਤਿਆਂ ਮੁੱਦਤ ਹੋ ਗਈ ਸੀ।

ਹਾਜੀ : ਕਿਉਂ ਸ਼ਰਮਿੰਦਾ ਕਰਦੇ ਹੋ, ਮੈਂ ਤਾਂ ਅਦਨਾ ਜਿਹਾ ਇਨਸਾਨ ਹਾਂ, ਗੁਨਾਹਾਂ ਦਾ ਭਰਿਆ ਹੋਇਆ।

ਮੌਲਾਨਾ : ਆਹਲਾ ਇਨਸਾਨ ਜਿਤਨਾ ਉੱਚਾ ਉਠਦਾ ਹੈ, ਉਤਨਾ ਫਲਦਾਰ ਦ੍ਰਖਤ ਮਾਨਦ ਝੁਕਦਾ ਹੈ। ਆਪ ਨ ਸੁਣਿਐ——

ਹਾਜੀ : ਮੁਖਤਸਿਰ ਦੱਸੋ, ਮੈਂ ਕਿਆ ਖਿਦਮਤ ਕਰ ਸਕਦਾਂ ?

ਮੌਲਾਨਾ : ਗ਼ਰੀਬ ਮਜ਼ਦੂਰਾਂ ਦੇ ਬੱਚਿਆਂ ਵਾਸਤੇ ਇਕ ਮਦਰਸਾ ਖੋਲ੍ਹਿਆ ਸੀ। ਉਸਦੀ ਮੌਜੂਦਾ ਹਾਲਤ ਨਹਾਇਤ ਖਸਤਾ ਹੈ। ਫੌਰੀ ਮਾਲੀ ਇਮਦਾਦ ਦੀ ਜ਼ਰੂਰਤ ਹੈ।

ਹਾਜੀ : ਕਿਆ ਤੁਸੀਂ ਇਕਲੇ ਹੀ ਉਸ ਦੇ ਮੁਨਤਜ਼ਿਮ ਹੋ ?

ਮੌਲਾਨਾ : (ਝਿੜਕ ਕੇ) ਦਰਅਸਲ ਹਾਜੀ ਸਾਹਿਬ, ਬਾਕੀ ਮਿੰਬਰ ਆਪੋ ਅਪਨੇ ਧੰਦਿਆਂ ਵਿਚ ਮਸਰੂਫ ਹਨ, ਮੈਂ ਉਨ੍ਹਾਂ ਨੂੰ ਘਟ ਹੀ ਤਕਲੀਫ ਦਿੰਦਾਂ ਹਾਂ।

ਹਾਜੀ : ਵਲ ਵਲੇਵੇਂ ਛੱਡੋ, ਸਿੱਧੀ ਤਰ੍ਹਾਂ ਗਲ ਕਰੋ, ਤੁਹਾਨੂੰ ਵਜ਼ਾਤੇ ਖ਼ੁਦ ਕਿੰਨਾ ਰੁਪਿਆ ਚਾਹੀਦਾ।

ਮੌਲਾਨਾ : ਦਰਅਸਲ, ਮਿਰਜ਼ਾ ਸਾਹਿਬ, ਮੇਰੀ ਸਖਸੀ ਕੋਈ ਜ਼ਰੂਰਤ ਨਹੀਂ । ਸਿਰਫ ਦਰਸਗਾਹ ਦੀ ਬਿਲਡਿੰਗ ਔਰ ਉਸਤਾਦਾਂ ਦੀਆਂ ਤਨਖਾਹਾਂ ਵਾਸਤੇ —

ਹਾਜੀ : ਚੰਗਾ, ਮੈਂ ਕਲ ਮੌਕਾ ਦੇਖ ਕੇ ਫੈਸਲਾ ਕਰਾਂਗਾ, ਤੁਸੀ ਸੈਕਟਰੀ ਨੂੰ ਥਾਂ ਟਕਾਣਾ ਦਸ ਦਿਉ ।

ਮੌਲਾਨਾ : (ਘਬਰਾ ਕੇ) ਹਾਜੀ ਸਾਹਿਬ, ਆਪ ਕਿਉਂ ਤਕਲੀਫ ਕਰੋਂਗੇ । ਕਲ ਮੈਂ ਖ਼ੁਦ ਹਾਜ਼ਰ ਹੋ ਜਾਊਂ ਗਾ ।

ਹਾਜੀ : (ਖਹਿੜਾ ਛੁਡਾਣ ਲਈ) ਅੱਛਾ ਸੁਣੋ, ਕਲ ਮੇਰਾ ਕਰਿੰਦਾ ਆਏਗਾ, ਮੌਕਾ ਦਖ ਕੇ ਸਾਰੀ ਰਿਪੋਰਟ ਦੇਵੇਗਾ, ਫਿਰ ਮੈਂ ਮਦਦ ਕਰ ਸਕਾਂਗਾ ।

ਮੌਲਾਨਾ : ਸੁਬਾਨ ਅੱਲਾਹ, ਕਿਆ ਬਾਤ ਹੈ ਆਪਕੀ ਸਖਾਵਤ ਕੀ ।

ਹਾਜੀ : ਇਲਮ ਦੇ ਮਾਮਲੇ ਵਿਚ ਮੈਂ ਖੁਲ੍ਹੇ ਦਿਲ ਪੈਸਾ ਖਰਚ ਕਰਦਾਂ ਕਿਉਂਕਿ ਮੈਂ ਖੁਦ ਬੇਇਲਮ ਹਾਂ ।

ਮੌਲਾਨਾ : ਅੱਲਾਹ ਦਾ ਨਾਮ ਲਓ ਜੀ, ਆਪ ਤਾਂ ਬਹੁਤ ਆਲਮ ਫਾਜ਼ਲ ਹੋ ।

ਹਾਜੀ : ਸੁਣੋ, ਫਾਲਤੂ ਬਾਤਾਂ ਲਈ ਮੇਰੇ ਪਾਸ ਵਕਤ ਨਹੀਂ, ਮੇਰੀ ਇਕੋ ਸ਼ਰਤ ਹੋਵੇਗੀ ।

ਮੌਲਾਨਾ : ਫਰਮਾਓ ।

ਹਾਜੀ : ਸਕੂਲ ਚਲਾਣ ਲਈ ਤੰਗ ਨਜ਼ਰੀਆ ਨਹੀ ਰਖਣਾ ਹੋਵੇਗਾ, ਗਰੀਬਾਂ ਵਿੱਚ ਸਭ ਇਨਸਾਨ ਬਰਾਬਰ ਹੁੰਦੇ ਹੈਨ । ਗਰੀਬਾਂ ਦਾ ਇੱਕੋ ਮਜ਼ਹਬ ਹੁੰਦਾ । ਤੁਸੀ ਹਿੰਦੂ, ਮੁਸਲਮਾਨ, ਸਿਖ ਈਸਾਈ ਬਚਿਆਂ ਵਿਚ ਫਰਕ ਨਹੀਂ ਰਖਣਾ ਹੋਵੇਗਾ ।

ਮੌਲਾਨਾ : ਹਰਗਿਜ਼ ਨਹੀਂ ; ਮੈਂ ਅੱਗੇ ਹੀ ਬਹੁਤ ਫ਼ਰਾਖਦਿਲ ਹਾਂ । ਫੇਰ ਵੀ ਆਪਦੇ ਹੁਕਮ ਦੀ ਪੂਰੀ ਤਾਮੀਲ ਕੀਤੀ ਜਾਵੇਗੀ । ਸ਼ਿਕਾਇਤ ਦਾ ਕੋਈ ਮੌਕਾ ਨਹੀਂ ਦਿੱਤਾ ਜਾਵੇਗਾ ।

ਹਾਜੀ : (ਸਕੱਤਰ ਨੂੰ ਇਸ਼ਾਰੇ ਨਾਲ) ਇਨ੍ਹਾਂ ਨੂੰ ਬਾਹਰ ਛਡ ਆਓ ਔਰ ਰਾਜਸੀ ਨੇਤਾ ਨੂੰ ਭੇਜ ਦਿਉ ।

ਰਾਓ : ਆਦਾਬ ਅਰਜ਼ ! ਹਾਜੀ ਸਾਹਿਬ, ਦਾਸ ਨੂੰ ਭੁਲ ਗਏ ਮਲੂਮ ਹੁੰਦੇ ਓ । ਘੰਟਾ ਭਰ ਬਰਫ ਵਿਚ ਲਾ ਛਡਿਐ ਅਜ ਤਾਂ ।



ਹਾਜੀ : ਮੁਆਫ ਕਰਨਾ ਵੈਨਕਟ ਰਾਓ ਸਾਹਿਬ, ਤੁਹਾਨੂੰ ਬਹੁਤ ਇੰਤਜ਼ਾਰ ਕਰਨੀ ਪਈ ।

ਰਾਓ : ਕੋਈ ਬਾਤ ਨਹੀਂ, ਬੜੇ ਲੋਕਾਂ ਪਾਸ ਹਮੇਸ਼ਾਂ ਵਕਤ ਦੀ ਘਾਟ ਰਹਿੰਦੀ ਹੈ ।

ਹਾਜੀ : (ਹਸਕੇ) ਮਤਲਬ ਵੇਲੇ ਅਸੀਂ ਮੁਅੱਜਿਜ਼, ਵੈਸੇ ਲੋਕਾਂ ਦੀਆਂ ਨਜ਼ਰਾਂ ਵਿਚ ਬੁਰੇ, ਕਮੀਨੇ, ਕਿਉਂਕਿ ਕਾਲਾ ਧੰਦਾ ਕਰਦੇ ਆਂ ।

ਰਾਓ : ਰਾਮ ਰਾਮ ! ਤੁਸੀ ਤਾਂ ਬੰਬਈ ਦੇ ਚੰਦ ਮਾਨਯੋਗ ਪੁਰਸ਼ਾਂ ਵਿਚੋਂ ਹੋ । ਹਰ ਅਮੀਰ ਵਜ਼ੀਰ ਤੁਹਾਡੇ ਨਾਲ ਮਿਲ ਕੇ ਫਖ਼ਰ ਮਹਿਸੂਸ ਕਰਦਾ ।

ਹਾਜੀ : (ਲਾਕੇ) ਰਾਓ ਸਾਹਿਬ, ਪੈਸੇ ਨਾਲ ਇਕ ਲੁੱਚਾ ਲਫੰਗਾ ਵੀ ਇੱਜ਼ਤਦਾਰ ਬਣ ਜਾਂਦਾ, ਬਿਨਾਂ ਪੈਸੇ ਸ਼ਰੀਫ ਦਿਆਨਤਦਾਰ ਵੀ ਅਵਾਰਾ ਸਮਝਿਆ ਜਾਂਦਾ ।

ਰਾਓ : ਹਾਜੀ ਸਾਹਿਬ, ਪਿਛਲੀਆਂ ਗੱਲਾਂ ਛੱਡੋ । ਪਿਛਲੇ ਜਨਮ ਵਿਚ ਪਤਾ ਨਹੀਂ ਕੌਣ ਕੀ ਕੁਛ ਸੀ ।

ਹਾਜੀ : ਫਰਮਾਓ, ਕਿਸ ਤਰ੍ਹਾਂ ਤਸ਼ਰੀਫ ਲਿਆਏ ?

ਰਾਓ : ਹਾਜੀ ਸਾਹਿਬ, ਮੈਂ ਤੁਹਾਡੇ ਹਲਕੇ ਵਿਚੋਂ ਇਲੈਕਸ਼ਨ ਲੜ ਰਿਹਾਂ ।

ਹਾਜੀ : ਖਸ਼ੀ ਭਰੀ ਖਬਰ ਹੈ ।

ਰਾਓ : (ਬੜੇ ਉਤਸ਼ਾਹ ਨਾਲ) ਤੁਸੀ ਅਜੇ ਤਕ ਕਿਸੇ ਨਾਲ ਵਾਇਦਾ ਤਾਂ ਨਹੀਂ ਕੀਤਾ ?

ਹਾਜੀ : ਮੈਂ ਪੁਛ ਸਕਦਾਂ, ਕਿਸ ਪਾਰਟੀ ਤਰਫੋਂ ਖੜੇ ਹੋ ਰਹੇ ਹੋ ?

ਰਾਓ : ਤੁਹਾਨੂੰ, ਪਤਾ ਹੈ ਮੈਂ ਲੋਕਾਂ ਦਾ ਸਾਝਾਂ ਸੇਵਕ ਹਾਂ । ਇਸ ਵਾਸਤੇ ਮੈਂ ਆਜ਼ਾਦ ਉਮੀਦਵਾਰ ਖੜਨਾ ਚਾਹੁੰਦਾਂ ।

ਹਾਜੀ : (ਹਸਕੇ) ਕਿਧਰੋਂ ਟਿਕਟ ਨਹੀਂ ਮਿਲਿਆ ਹੋਣਾ ।

ਰਾਓ : ਹਾਜੀ ਸਾਹਿਬ, ਇਹ ਗਲ ਨਹੀਂ ।

ਹਾਜੀ : ਮੇਰਾ ਯਕੀਨ ਹੈ ਕਿਸੇ ਪਾਰਟੀ ਦੇ ਟਿਕਟ ਤੋਂ ਬਗੈਰ ਤੁਹਾਡਾ ਕਾਮਯਾਬ ਹੋਣਾ ਮੁਸ਼ਕਲ ਹੈ ।

ਰਾਓ : ਹਾਜੀ ਸਾਹਿਬ, ਮੇਰਾ ਬਹੁਤ ਅਸਰ ਰਸੂਖ ਹੈ । ਜਨਤਾ ਦੀ ਸੇਵਾ ਵਿਚ ਉਮਰ ਗਾਲੀ ਹੈ ।

ਹਾਜੀ : ਮੁਆਫ ਕਰਨਾ, ਅਸੀਂ ਕਈ ਦਫ਼ਾ ਸਖ਼ਤ ਗਲਤ ਫਹਿਮੀ ਦਾ ਸ਼ਿਕਾਰ ਹੁੰਦੇ ਆਂ। ਜਿਥੋਂ ਤਕ ਮੈਨੂੰ ਇਲਮ ਹੈ, ਲੋਕਾਂ ਦੀ ਤੁਹਾਡੇ ਬਾਰੇ ਚੰਗੀ ਰਾਏ ਨਹੀਂ।

ਰਾਓ : (ਤਲਮਿਲਾਕੇ) ਇਹ ਤੁਸੀ ਕਿਸ ਤਰ੍ਹਾਂ ਕਹਿ ਸਕਦੇ ਹੋ ?

ਹਾਜੀ : ਰਾਓ ਸਾਹਿਬ, ਮੇਰੇ ਦੋ ਕਨ ਔਰ ਦੋ ਅਖਾਂ ਨੇ, ਅੱਲਹ ਨੇ ਥੋੜਾ ਬਹੁਤਾ ਦਿਮਾਗ ਵੀ ਦਿੱਤਾ ਹੋਇਆ।

ਰਾਓ : ਹਾਜੀ ਸਾਹਿਬ, ਮੇਰੇ ਰਾਜਸੀ ਦੁਸ਼ਮਨਾਂ ਦੀਆਂ ਗੱਲਾਂ ਮਗਰ ਮਤ ਜਾਓ। ਇਸ ਤਰ੍ਹਾ ਤਾਂ ਲੋਕੀ ਤੁਹਾਡੇ ਬਾਰੇ ਵੀ ਤਰ੍ਹਾਂ ਤਰ੍ਹਾਂ ਦੀਆਂ ਗੱਲਾਂ ਕਰਦੇ ਨੇ।

ਹਾਜੀ : ਮੈਂ ਅਪਣੇ ਆਪ ਨੂੰ ਕਦੇ ਪਾਕੀਜ਼ਾ ਜ਼ਾਹਰ ਨਹੀਂ ਕਰਦਾ। ਮੈਂ ਤਾਂ ਐਲਾਨੀਆਂ ਨਾਮੀ ਬਦਮਾਸ਼ ਹਾਂ। ਜ਼ਾਹਲਸਾਜ਼ੀ ਔਰ ਕਤਲ ਦੇ ਕੇਸ਼ਾਂ ਵਿਚ ਕੈਦ ਵੀ ਭੁਗਤ ਚੁੱਕਾਂ। ਸਮਗਲਿੰਗ ਦੇ ਧੰਦੇ ਰਾਹੀ ਸਾਰੀ ਦੌਲਤ ਕਮਾਈ ਹੋਈ ਹੈ। ਮੈਨੂੰ ਅਪਣੇ ਬਾਰੇ ਕੋਈ ਗਲਤ ਫਹਿਮੀ ਨਹੀਂ।

ਰਾਓ : (ਬਦਲ ਕੇ) ਤੁਸੀ ਗੁੱਸਾ ਕੀਤਾ ਮੇਰੀ ਗਲ ਦਾ, ਮੈਂ ਅਪਣੀ ਰਾਏ ਨਹੀਂ ਦੱਸੀ, ਬਲਕਿ ਪਬਲਕਿ ਦੀ ਗਲ ਕੀਤੀ ਸੀ।

ਹਾਜੀ : ਮੈਂ ਜ਼ਾਹਰਦਾਰੀ ਦੇ ਬਰਖਿਆਫ਼ ਹਾਂ।

ਰਾਓ : ਹਾਜੀ ਸਾਹਿਬ, ਇਕ ਗੱਲ ਮੈਂ ਤੁਹਾਨੂੰ ਸਪਸ਼ਟ ਤੌਰ ਤੇ ਦਸਣਾ ਚਾਹੁੰਦਾਂ, ਜੇ ਮੈਂ ਜਿਤ ਗਿਆ ਤਾਂ ਤੁਹਾਡਾ ਧੰਦਾ ਦੂਣ ਸਵਾਇਆ ਹੋਵੇਗਾ। ਬਹਿਸ਼ਤ ਦੇ ਦਰਵਾਜ਼ੇ ਖੋਲ ਦਿਆਂਗਾਂ।

ਹਾਜੀ : ਬਾਕੀ ਓਮੀਦਵਾਰ ਇਸ ਨਾਲੋਂ ਕਿਤੇ ਆਲੀਸ਼ਾਨ ਸਬਜ਼ ਬਾਗ ਦਿਖਾ ਗਏ ਨੇ।

ਰਾਓ : ਤਸੀਂ ਮੈਨੂੰ ਅਜੇ ਤਕ ਅਜ਼ਮਾ ਕੇ ਨਹੀਂ ਵੇਖਿਆ।

ਹਾਜੀ : ਤੁਹਾਨੂੰ ਮਦਦ ਕੀ ਕਿਆ ਜ਼ਰੂਰਤ ਹੈ। ਤੁਹਾਨੂੰ ਆਪਣੇ ਧੰਦੇ ਚੋਂ ਲੱਖਾਂ ਦੀ ਆਮਦਨ ਹੈ।

ਰਾਓ : ਸਤਿਆਨਾਸ ਹੋਵੇ ਪਾਤਰੇ ਦਾ, ਜਦੋਂ ਦੀ ਸ਼ਰਾਬ ਨੋਸ਼ੀ ਤੋਂ ਪਾਬੰਦੀ ਹਟਾਈ ਐ, ਬਿਜ਼ਨੈਸ ਤਬਾਹ ਹੋ ਗਿਐ। ਸਾਰਾ ਧਿਆਨ ਜਨਤਕ ਕੰਮਾਂ ਵਲ੍ਹ ਹੋਣ ਕਰਕੇ ਹੋਟਲਾਂ ਦੀ ਆਮਦਨ ਅਸਲੋਂ ਘੱਟ ਗਈ।



ਹਾਜੀ : ਤੁਸੀਂ ਹੋਰ ਵੀ ਕਈ ਜਾਇਜ਼ ਨਾਜਾਇਜ਼ ਧੰਦੇ ਕਰਦੇ ਓ।

ਰਾਓ : ਜਦੋਂ ਦਾ ਇਲੈਕਸ਼ਨ ਲਈ ਖੜਨ ਦਾ ਇਰਾਦਾ ਬਣਾਇਆ, ਸਭ ਨਾਜਾਇਜ਼ ਕੰਮ ਠਪ ਦਿੱਤੇ ਨੇ।

ਹਾਜੀ : ਕਿਆ ਅੰਦਾਜ਼ਾ ਹੈ, ਇਲੈਕਸ਼ਨ ਤੇ ਕਿਤਨਾ ਖਰਚਾ ਆਵੇਗਾ ?

ਰਾਓ : ਚੋਣ ਜਿੱਤਣ ਲਈ ਵੀਹ ਪੰਝੀ ਲੱਖ ਕਾਫੀ ਹੈ।

ਹਾਜੀ : ਫੇਰ ਕਿਸੇ ਪਾਰਟੀ ਦੀ ਮਦਦ ਤੋਂ ਬਿਨਾ ਕਿੱਦਾਂ ਮੁਮਕਿਨ ਹੋਵੇਗਾ।

ਰਾਓ : ਦਸ ਪੰਦਰਾਂ ਲਖ ਦਾ ਬੰਦੋਬਸਤ ਤਾਂ ਮੈਂ ਖੁਦ ਕੀਤਾ ਹੋਇਆ।

ਹਾਜੀ : ਮੇਰਾ ਖਿਆਲ ਹੈ, ਤੁਸੀ ਸਰਾਸਰ ਗ਼ਲਤ ਫਹਿਮੀ ਵਿਚ ਹੋ। ਕਾਮਯਾਬ ਹੋਣ ਲਈ ਕਮ ਅਜ਼ ਕਮ 60 ਲਖ ਰੁਪਿਆ ਚਾਹੀਦਾ। ਸਖਤ ਮੁਕਾਬਲਾ ਹੈ। ਪਿਛਲੀ ਚੋਣ ਵਿਚ ਆਪਣੇ ਉਮੀਦਵਾਰ ਨੂੰ ਜਿਤਾਣ ਲਈ ਮੈਂ ਇਕ ਕਰੋੜ ਖਰਚ ਕੀਤਾ ਸੀ। ਮੈਂ ਸਲਾਹ ਦਿੰਦਾ ਹਾਂ, ਤੁਸੀ ਅਪਣਾ ਕੰਮ ਕਾਰ ਜਾਰੀ ਰੱਖੋ, ਪੂੰਜੀ ਬਰਬਾਦ ਨਾ ਕਰੋ।

ਰਾਓ : ਹਾਜੀ ਸਾਹਿਬ, ਇਹ ਵੀ ਤਾਂ ਇਨਵੈਸਟਮੈਂਟ ਹੈ, ਅਜ ਕਲ ਸਭ ਤੋਂ ਆਹਲਾ ਬਾਇੱਜ਼ਤ ਬਿਜ਼ਨੈਸ। ਇਕ ਕਰੋੜ ਖਰਚ ਕੇ ਸਹਿਜੇ ਦੋ ਕਰੋੜ ਕਮਾਏ ਜਾ ਸਕਦੇ ਹੈਨ। ਇਹ ਸੀਟ ਤੁਸੀ ਬਿਲਕੁਲ ਅਪਣੀ ਸਮਝੋ। ਚਲੋ ਉਧਾਰ ਹੀ ਦੇ ਦਿਓ, ਦੂਗਣੇ ਵਾਪਸ ਕਰਨ ਦਾ ਵਹਿਦਾ ਕਰਦਾ ਹਾਂ।

ਹਾਜੀ : ਮੈਂ ਅਜੇ ਤਕ ਫੈਸਲਾ ਨਹੀਂ ਕਰ ਸਕਿਆ, ਕਿ ਕਿਸ ਉਮੀਦਵਾਰ ਦੀ ਮਦਦ ਕਰਨੀ ਐ। ਸੋਚਣ ਦਾ ਮੌਕਾ ਤਾਂ ਦਿਉ, ਜੁਮੇਰਾਤ ਤਸ਼ਰੀਫ ਲਿਆਉਣਾ।

ਰਾਓ : ਜ਼ਰੂਰ ਖਿਦਮਤ ਵਿਚ ਹਾਜ਼ਰ ਹੋਵਾਂਗਾ।

(ਖੁਸ਼ੀ ਖੁਸ਼ੀ ਜਾਂਦਾ ਹੈ।)

ਨੂਰ : ਕੌਣ ਸੀ ਉੱਚੀ ਉੱਚੀ ਗੱਲਾਂ ਕਰਦਾ ?

ਹਾਜੀ : ਸਿਆਸੀ ਲੀਡਰ ਹੀ ਫੜਾਂ ਮਾਰ ਸਕਦੇ ਨੇ ਹੋਰ ਕੌਣ। ਨਹਾਇਤ ਜ਼ਲੀਲ ਆਦਮੀ ਹੈ।

ਨੂਰ : ਫੇਰ ਤੁਸੀਂ ਲਾਰਾ ਕਿਉਂ ਲਾਇਆ ।

ਹਾਜੀ : ਗਲੋਂ ਲਾਹੁਣ ਦਾ ਹੋਰ ਕੋਈ ਰਸਤਾ ਨਹੀਂ ਸੀ ।

ਨੂਰ : ਕੰਮ ਕੀ ਕਰਦਾ ?

ਹਾਜੀ : ਪੁਛ ਨਾ, ਦੁਨੀਆਂ ਭਰ ਦੇ ਸਭ ਘਟੀਆ ਕੰਮ । ਕਪੜੇ ਦੇਖ ਕੇ ਬੰਦਾ ਭੁਲੇਖਾ ਖਾ ਜਾਂਦਾ । ਪੈਰ ਛੋਹਣ ਨੂੰ ਦਿਲ ਕਰਦਾ ।

ਨੂਰ : ਤੁਸੀ ਅਜੇਹੇ ਬਦਜ਼ਾਤ ਦੀ ਫੇਰ ਮਦਦ ਕਿਉਂ ਕਰਦੇ ਹੋ ?

ਹਾਜੀ : ਕੌਣ ਕਰਦਾ ਹੈ । ਅਸੀਂ ਅਜੇਹੇ ਪਖੰਡੀਆਂ ਨਾਲੋਂ ਹਜ਼ਾਰ ਦਰਜੇ ਬਿਹਤਰ ਹਾਂ ਕਮ ਅਜ਼ ਕਮ ਧੋਖਾ ਤਾਂ ਨਹੀਂ ਦਿੰਦੇ । ਇਸ ਗੱਲੋਂ ਵੇਸਵਾ ਵੀ ਸੁਸਾਇਟੀ ਗਰਲ ਨਾਲੋਂ ਚੰਗੀ ਹੁੰਦੀ ਹੈ । ਅਸੀਂ ਗਜ ਵਜਾ ਕੇ ਕਾਲਾ ਧੰਦਾ ਕਰਦੇ ਆਂ । ਬਾਹਰੋਂ ਪੈਸਾ ਲਿਆ ਕੇ ਮੁਲਕ ਨੂੰ ਮਾਲਾ ਮਾਲ ਕਰਦੇ ਆਂ ।

ਸਕੱਤਰ : ਹੁਕਮ ਹੋਵੇ ਤਾਂ ਪੁਲੀਸ ਇੰਨਸਪੈਕਟਰ ਨੂੰ ਭੇਜਾਂ, ਦੋ ਘੰਟਿਆਂ ਤੋਂ ਇੰਤਜ਼ਾਰ ਕਰ ਰਿਹਾ ।

ਹਾਜੀ : ਹਾਂ ਬੁਲਾ, ਬਹੁਤੇਰੀ ਹੋ ਚੁੱਕੀ ਹੈ ਉਸ ਨਾਲ ।

ਇਨਸਪੈਕਟਰ : ਆਦਾਬ ਅਰਜ਼, ਮਿਰਜ਼ਾ ਸਾਹਿਬ ।

ਹਾਜੀ : (ਸਿਰ ਹਿਲਾ ਕੇ ਉੱਤਰ ਦਿੰਦਾ ਹੋਇਆ)ਸੁਣਾਓ, ਖਵਾਜਾ ਸਾਹਿਬ, ਕਿਸ ਤਰ੍ਹਾਂ ਆਉਣਾ ਹੋਇਆ ?

ਖਵਾਜਾ : ਆਪ ਜੈਸੇ ਬਜ਼ੁਰਗਾਂ ਦੀ ਮਜਾਜ਼ ਪੁਰਸ਼ੀ ਲਈ ਹਾਜ਼ਰ ਹੋਇਆ ਹਾਂ ।

ਹਾਜੀ : ਅਜੀ ਬਿਨਾ ਮਤਲਬ ਕੌਣ ਆਉਂਦਾ ਹੈ । (ਨੂਰ ਬਾਈ ਨੂੰ) ਪਤਾ ਇਹ ਕੌਣ ਸ਼ਖਸ਼ ਹੈ ?

ਨੂਰ : ਨਹੀਂ ।

ਹਾਜੀ : ਜਦੋਂ ਮੈਂ ਛੋਟਾ ਹੁੰਦਾ ਸੀ ਉਦੋਂ ਇਹ ਮਮੂਲੀ ਸਿਪਾਹੀ ਸੀ । ਗਰੀਬਾਂ ਦੀਆਂ ਖੋਲੀਆਂ ਉਖਾੜ ਕੇ ਇਨ੍ਹਾਂ ਅਫਸਰਾਂ ਨੂੰ ਖੁਸ਼ ਕਰਕੇ ਆਹਲਾ ਰੁਤਬਾ ਹਾਸਲ ਕੀਤਾ ।

ਖਵਾਜਾ : ਜਨਾਬ, ਕਿਉਂ ਸ਼ਰਮਿੰਦਾ ਕਰਦੇ ਓ । ਸਰਕਾਰੀ ਡਿਊਟੀ ਭੁਗਤਾਉਣੀ ਪੈਂਦੀ ਹੈ ।



ਹਾਜੀ : ਖਾਕੀ ਵਰਦੀ ਪਹਿਨ ਕੇ ਤੁਸੀ ਲੋਕ ਇਨਸਾਨ ਨੂੰ ਇਨਸਾਨ ਖਿਆਲ ਨਹੀਂ ਕਰਦੇ । ਹਵਸ ਤੇ ਹਕੂਮਤ ਦੇ ਨਸ਼ੇ 'ਚ ਸਭ ਕਾਇਦੇ ਕਾਨੂੰਨ ਭੁਲ ਜਾਂਦੇ ਹੋ ।

ਖਵਾਜਾ : ਮਿਰਜ਼ਾ ਸਾਹਿਬ, ਭਾਰਤੀ, ਪੁਲੀਸ ਖਾਹ ਮਖਾਹ ਬਦਨਾਮ ਹੈ । ਇੱਥੇ ਸਖਤੀ ਤੋਂ ਬਿਨਾ ਹਰਗਿਜ਼ ਕੰਮ ਨਹੀਂ ਚਲਦਾ ।

ਹਾਜੀ : ਮੈਂ ਕਿਧਰੇ ਜ਼ਰੂਰੀ ਕੰਮ ਤੇ ਜਾਣਾ ਹੈ । ਛੇਤੀ ਦੱਸੋ, ਮੈਂ ਕਿਆ ਖਿਦਮਤ ਕਰ ਸਕਦਾਂ ।

ਖਵਾਜਾ : ਮਿਰਜ਼ਾ ਸਾਹਿਬ, ਮੈਂ ਸਖਤ ਮੁਸੀਬਤ ਵਿਚ ਘਿਰਿਆ ਹੋਇਆਂ । ਚੰਦ ਮਹੀਨੇ ਮੇਰੀ ਸਰਵਿਸ ਦੇ ਰਹਿ ਗਏ ਨੇ, ਮੈਨੂੰ ਨਾਜਾਇਜ਼ ਮੁਅੱਤਲ ਕੀਤਾ ਗਿਆ ਹੈ ।

ਹਾਜੀ : ਜ਼ਰੂਰ ਕੋਈ ਭਾਰੀ ਕਾਰਨਾਮਾ ਕੀਤਾ ਹੋਵੇਗਾ ਜਾਂ ਗਰੀਬ ਮਾਰ ਕੀਤੀ ਹੋਊ ।

ਖਵਾਜਾ : ਸਚ ਜਾਣੋ, ਮੈਂ ਕਿਸੇ ਤੇ ਕੋਈ ਜ਼ੁਲਮ ਨਹੀਂ ਕੀਤਾ ।

ਹਾਜੀ : ਫੇਰ ਹੋਰ ਕਿਆ ਬਾਤ ਹੈ ?

ਖਵਾਜਾ : ਮੇਰੇ ਮਤਹਿਤ ਨੇ ਤਰੱਕੀ ਖਾਤਰ ਮੇਰੇ ਉੱਤੇ ਝੂਠਾ ਕੇਸ ਬਣਾ ਦਿੱਤਾ ।

ਹਾਜੀ : ਫਿਰ ਇਸ ਵਿਚ ਮੈਂ ਕਿਆ ਕਰ ਸਕਦਾਂ ?

ਖਵਾਜਾ : ਤੁਸੀ ਸਭ ਕੁਛ ਕਰ ਸਕਦੇ ਹੋ । ਐਸਾ ਕਿਹੜਾ ਕੰਮ ਹੈ ਜੋ ਬੰਬਈ ਵਿਚ ਤੁਸੀ ਨਹੀਂ ਕਰ ਸਕਦੇ । ਮੇਰੀ ਸਿਫਾਰਸ਼ ਕਰੋ ਵਰਨਾ ਮੈਂ ਬਰਬਾਦ ਹੋ ਜਾਵਾਂਗਾ ।

ਹਾਜੀ : ਸਭ ਤੋਂ ਵੱਡੀ ਸਿਫਾਰਸ਼ ਤਾਂ ਅਜ ਕਲ ਚਾਂਦੀ ਦੀ ਜੁੱਤੀ ਹੈ ।

ਖਵਾਜਾ : ਮਗਰ ਉਸ ਆਦਮੀ ਨੂੰ ਸਿਆਸੀ ਇਮਦਾਦ ਹਾਸਲ ਹੈ ।

ਹਾਜੀ : ਦਰਅਸਲ ਤੁਹਾਡੀ ਮਦਦ ਕਰਨ ਲਈ ਮੇਰੀ ਜ਼ਮੀਰ ਇਜਾਜ਼ਤ ਨਹੀਂ ਦਿੰਦੀ ।

ਖਵਾਜਾ : (ਪੈਰ ਫੜ ਕੇ) ਹਾਜੀ ਸਾਹਿਬ, ਇਨਸਾਨ ਗੁਨਾਹਗਾਰ ਹੈ, ਮੈਂ ਤੋਬਾ ਕਰਦਾ ਹਾਂ, ਮੇਰੀ ਮਦਦ ਕਰੋ ।

ਹਾਜੀ : (ਪਸੀਜ ਕੇ) ਕੇਸ ਨੂੰ ਠਪ ਕਰਨ ਲਈ ਕਿੰਨੀ ਰਕਮ ਚਾਹੀਦੀ ਹੈ ?

ਖਵਾਜਾ : ਕਮ ਅਜ਼ ਕਮ ਦਸ ਹਜ਼ਾਰ ।

ਹਾਜੀ : ਦਿਨ ਰਾਤ ਲੋਕਾਂ ਦੇ ਖੂਨ ਵਿਚ ਹਥ ਰੰਗਦੇ ਹੋ, ਕਿਆ ਐਨੀ ਰਕਮ ਵੀ ਜਮਾਂ ਨਹੀਂ ਕੀਤੀ ?

ਖਵਾਜਾ : ਮਿਰਜ਼ਾ ਸਾਹਿਬ, ਸਚ ਜਾਣੋ, ਤਨਖਾਹ ਨਾਲ ਮਸਾਂ ਗੁਜ਼ਾਰਾ ਹੁੰਦਾ । ਹਰਾਮ ਦੀ ਕਮਾਈ ਦੀ ਕਦੇ ਬਰਕਤ ਨਹੀਂ ਹੁੰਦੀ, ਕੋਲਿਆਂ ਦੀ ਸੁਆਹ ਵਾਂਗ ਉੜ ਜਾਂਦੀ ਹੈ ।

ਹਾਜੀ : ਜਾਣਦਾਂ ਇਹ ਕੌਣ ਹੈਨ ?

ਖਵਾਜਾ : ਜੀ ਹਾਂ । ਬੇਗਮ ਸਾਹਿਬਾ ।

ਹਾਜੀ : ਜੇ ਤੁਹਾਡੇ ਸਾਹਮਣੇ ਕੋਈ ਜ਼ਾਲਮ ਇਨ੍ਹਾਂ ਨਾਲ ਬਦਫੈਲੀ ਕਰੇ, ਤੁਸੀਂ ਉਸ ਨਾਲ ਕਿਆ ਸਲੂਕ ਕਰੋਂ ?

ਖਵਾਜਾ : ਮੈਂ ਉਸ ਦਾ ਸਿਰ ਕਲਮ ਕਰ ਦਿਆਂ ।

ਹਾਜੀ : ਫੇਰ ਤੁਸੀਂ ਮੈਥੋਂ ਕਿਸ ਸਲੂਕ ਦੀ ਉਮੀਦ ਰਖਦੇ ਓ ?

ਖਵਾਜਾ : ਮੈਂ ਆਪ ਦਾ ਇਸ਼ਾਰਾ ਨਹੀਂ ਸਮਝਿਆ ।

ਹਾਜੀ : ਤੂੰ ਮੈਨੂੰ ਨਹੀਂ ਪਹਿਚਾਨਦਾ, ਪਰ ਮੈਂ ਤੇਰਾ ਮਨਹੂਸ ਚਿਹਰਾ ਸਤ ਜਨਮ ਨਹੀਂ ਭੁਲ ਸਕਦਾ ।

ਖਵਾਜਾ : ਅੱਵਲ ਤਾਂ ਮੈਂ ਕਿਸੇ ਗੁਨਾਹ ਦਾ ਭਾਗੀ ਨਹੀਂ । ਹੋ ਸਕਦਾ ਨਾਦਾਨ ਜਵਾਨੀ ਵਿਚ ਕੋਈ ਗਲਤੀ ਹੋ ਗਈ ਹੋਵੇ ।

ਹਾਜੀ : ਇਹ ਦਸ, ਕਾਤਲ ਨੂੰ ਵੀ ਕੋਈ ਮੁਆਫ ਕਰ ਸਕਦਾ ?

ਖਵਾਜਾ : ਹਾਂ, ਤੁਹਾਡੇ ਵਰਗਾ ਨੇਕ ਔਰ ਰਹਿਮ ਦਿਲ ਇਨਸਾਨ ।

ਹਾਜੀ : (ਨਰਮ ਪੈਕੇ) ਇਕੋ ਸ਼ਰਤ ਤੇ ਮੈਂ ਤੇਰਾ ਗੁਨਾਹ ਮੁਆਫ ਕਰ ਸਕਦਾਂ ।

ਖਵਾਜਾ : ਹੁਕਮ ਕਰੋ, ਬਿਨਾ ਹੀਲ ਹੱਜਤ ਕਰਨ ਨੂੰ ਤਿਆਰ ਹਾਂ । ਜਦੋਂ ਤਕ ਜੀਊਂਦਾ ਹਾਂ, ਇਹਸਾਨ ਨਹੀਂ ਭੁੱਲਾਂਗਾ ।

ਹਾਜੀ : ਹਕੀਰ ਇਨਸਾਨ, ਮਤਲਬ ਲਈ ਹੁਣ ਤੂੰ ਅਪਣੀ ਬੀਵੀ ਵੀ ਪੇਸ਼ ਕਰ ਦੇਵੇਂਗਾ ।



ਨੂਰ : ਹੁਣ ਮੁਆਫ ਵੀ ਕਰੋ, ਬਹੁਤ ਹੋ ਗਈ ਵਿਚਾਰੇ ਨਾਲ ।

ਹਾਜੀ : ਤੁਸੀ ਚੁਪ ਰਹੋ ਜੀ । ਇਸ ਨੂੰ ਦੇਖ ਕੇ ਮੇਰਾ ਖੂਨ ਖੌਲ ਉਠਿਆ ਹੈ । ਅਪਣੇ ਮਨ ਨੂੰ ਟਿਕਾਣੇ ਲਿਆਉਣ ਲਈ ਮੈਂ ਇਸ ਸ਼ਖਸ਼ ਨੂੰ ਨਰਮ ਤੋਂ ਨਰਮ ਸਜ਼ਾ ਦਿਆਂਗਾ । ਬੋਲ ਮਨਜ਼ੂਰ ਹੈ ?

ਖਵਾਜਾ : ਹੁਕਮ ਦਿਉ, ਤਾਂ ਜੋ ਮੈਂ ਅਪਣੇ ਗੁਨਾਹਾਂ ਤੋਂ ਤੋਬਾਂ ਕਰ ਸਕਾਂ ।

ਹਾਜੀ : ਸਮਝ ਲਓ, ਤੁਸੀ ਇਸ ਔਰਤ ਨਾਲ ਜ਼ਬਰਜਨਾਹ ਕੀਤਾ ਹੈ । ਇਸ ਔਰਤ ਤੋਂ ਕਿਸ ਤਰ੍ਹਾਂ ਮਾਫੀ ਮੰਗੋਗੇ ?

ਖਵਾਜਾ : ਮੈਂ ਇਨ੍ਹਾਂ ਦੇ ਕਦਮਾਂ ਵਿਚ ਗਿਰ ਕੇ ਰਹਿਮ ਲਈ ਦੁਆ ਮੰਗਾਗਾ । ਔਰਤ ਬਹੁਤ ਰਹਿਮ ਦਿਲ ਹੁੰਦੀ ਹੈ ।

ਹਾਜੀ : ਮਜ਼ਲੂਮ ਔਰਤ ਪੱਥਰ ਵਾਂਗ ਸਖਤ ਵੀ ਹੁੰਦੀ ਹੈ ।

ਖਵਾਜਾ : ਮੈਂ ਉਸ ਔਰਤ ਦੀਆਂ ਜੁੱਤੀਆਂ ਚੱਟ ਕੇ ਮੁਆਫੀ ਮੰਗਾਂਗਾ ।

ਹਾਜੀ : ਫਰ ਜ਼ਮੀਨ ਤੇ ਲੇਟ ਕੇ ਇਨ੍ਹਾਂ ਦੀ ਜੁੱਤੀ ਅਪਨੀ ਜੀਭ ਨਾਲ ਚੱਟੋ ।

ਉਸ ਨੂੰ ਪੈਰਾ ਵਲ ਝੁਕਦਾ ਦੇਖ ਕੇ ਨੂਰ ਬਾਈ ਪਿਛੇ ਹਟਦੀ ਹੈ ।

ਨੂਰ : ਹਜ਼ੂਰ ਆਕਾ ! ਐਨੇ ਬਰਹਿਮ ਨਾ ਹੋਵੋ । ਤੁਸੀ ਕਦੇ ਵੀ ਐਨੇ ਗੁੱਸੇ ਵਿਚ ਨਹੀਂ ਦੇਖੇ ।

ਹਾਜੀ : (ਇਨਸਪੈਕਟਰ ਨੂੰ) ਉਠੋ ! ਮੇਰੀਆਂ ਅੱਖਾਂ ਵਿਚ ਖੂਨ ਉੱਤਰ ਆਇਆ ਸੀ । ਮੈਂ ਗੁੱਸੇ ਨਾਲ ਪਾਗਲ ਹੋ ਗਿਆ ਸੀ । ਸ਼ੁਕਰ ਹੈ ਮੈਂ ਕੁਛ ਕਰ ਨਹੀਂ ਬੈਠਾ । ਜਾਓ, ਕਲ ਆ ਕੇ ਰੁਪਏ ਲੈ ਜਾਣੇ ।

ਨੂਰ : ਕਿੱਧਰ ਤੁਰ ਪਏ ਓ ।

ਹਾਜੀ : ਮਨ ਟਿਕਾਣੇ ਲਿਆਉਣ ਲਈ ਇਬਾਦਤ ਕਰ ਆਵਾਂ । ਅੰਮਾਂ ਦਾ ਬੇਇੱਜ਼ਤ ਚਿਹਰਾ ਮੇਰੀਆਂ ਅੱਖਾਂ ਅੱਗੇ ਆ ਗਿਆ ਸੀ ।

ਹਾਜੀ ਰੋਂਦਾ ਹੈ। ਨੂਰਬਾਈ ਚੁਪ ਕਰਾਂਦੀ
ਬੱਤੀਆਂ ਬੁਝਦੀਆਂ ਹਨ। ਮੁੜ ਸਪਾਟ ਲਾਈਟ ਹਾਜੀ ਸੁਲਤਾਨ ਉੱਤੇ ਪੈਂਦੀ ਹੈ। ਉਹ ਅਜੀਬ ਸਥਿਤੀ ਵਿਚ ਦਿਖਾਈ ਦਿੰਦਾ ਹੈ।

ਰਿਪੋਰਟਰ : ਹਾਜੀ ਸਾਹਿਬ, ਇਨਸਪੈਕਟਰ ਵਾਲੀ ਘਟਨਾ ਨੇ ਤਾਂ ਮੈਨੂੰ ਵੀ ਵੀ ਸਾਹ ਸਤ ਹੀਣ ਕਰ ਦਿੱਤਾ।

ਹਾਜੀ : ਮੈਂ ਖੁਦ ਬਹੁਤ ਬੇਚੈਨ ਹਾਂ।

ਰਿਪੋਰਟਰ : ਸਚ ਕਹਿਨਾ, ਤੁਸੀ ਕਮਾਲ ਦੇ ਇਨਸਾਨ ਹੋ। ਪੁਜ ਕੇ ਨੇਕ ਤੇ ਰਹਿਮ ਦਿਲ।

ਹਾਜੀ : ਛੱਡੋ ਕੋਈ ਹੋਰ ਗੱਲ ਪੁੱਛੋ।

ਰਿਪੋਰਟਰ : ਪਿਛਲੇ ਕੁਝ ਸਾਲਾਂ ਦੇ ਚਮਤਕਾਰ ਮੈਂ ਤੁਹਾਡੇ ਚੰਗੀ ਤਰ੍ਹਾਂ ਜਾਣਦਾਂ।

ਹਾਜੀ : ਇਕ ਗੱਲ ਮੈਂ ਵੀ ਤੁਹਾਥੋਂ ਪੁਛਣੀ ਹੈ।

ਰਿਪੋਰਟਰ : ਜ਼ਰੂਰ ਪੁੱਛੋ।

ਹਾਜੀ : ਮੈਂ ਕਈ ਸਾਲਾਂ ਤੋਂ ਕਾਲਾ ਧੰਦਾ ਛਡ ਚੁੱਕਾਂ ਹਾਂ, ਨੂਰ ਬਾਈ ਦੇ ਜ਼ੋਰ ਦੇਣ ਤੇ। ਪਰ ਪੁਰਾਣੇ ਪ੍ਰਛਾਵੇਂ ਪਿੱਛਾ ਨਹੀਂ ਛਡਦੇ। ਦੱਸੋ ਮੈਂ ਕੀ ਕਰਾਂ?

ਰਿਪੋਰਟਰ : ਜੇ ਬਹੁਤਾ ਖਿਆਲ ਕਰੋਗੇ ਤਾਂ ਇਹ ਭੂਤ ਕਬਰ ਤਕ ਤੁਹਾਡਾ ਪਿੱਛਾ ਕਰੇਗਾ।

ਹਾਜੀ : ਅਮੀਰ ਪਿੱਛੇ ਵਾਲਿਆਂ ਦੇ ਸਭ ਐਬ ਛੁਪ ਜਾਂਦੇ ਨੇ, ਫੁਟ ਪਾਥ ਤੇ ਧੰਦਾ ਕਰਨ ਵਾਲਿਆਂ ਨੂੰ ਕੋਈ ਮਾਫ ਨਹੀਂ ਕਰਦਾ। ਉਹੋ ਨੇਤਾ ਜਿਨ੍ਹਾਂ ਲੱਖਾਂ ਰੁਪਏ ਖਾਧੇ ਨੇ, ਅਜ ਮੇਰੇ ਬਰਖਿਲਾਫ ਬਿਆਨ ਦੇ ਰਹੇ ਨੇ।

ਰਿਪੋਰਟਰ : ਆਪਣਾ ਆਪ ਬਚਾਉਣ ਖਾਤਰ।

ਹਾਜੀ : ਮਤਲਬ, ਜੇ ਇਕ ਗੁਨਾਹਗਾਰ ਚੰਗਾ ਇਨਸਾਨ ਬਣਨਾ ਚਾਹੇ ਤਾਂ ਸਮਾਜ ਉਸ ਨੂੰ ਉੱਠਣ ਨਹੀਂ ਦਿੰਦਾ।

ਰਿਪੋਰਟਰ : ਤੁਹਾਡੇ ਅਪਣੇ ਬਿਆਨ ਅਨੁਸਾਰ ਸਤ ਕਰੋੜ ਦੀ ਜਾਇਦਾਦ ਹੈ। ਇਨਕਮ ਟੈਕਸ ਵਾਲਿਆਂ ਤੋਂ ਕਿੱਦਾਂ ਸੁਰਖਰੂ ਹੋਵੋਗੇ?

ਹਾਜੀ : ਬਹੁਤ ਸਾਰੀ ਤਾਂ ਅਸੈਸ ਕਰਵਾ ਚੁੱਕਾ ਹਾਂ।



ਰਿਪੋਰਟਰ : ਨਵੇਂ ਕਾਨੂੰਨ ਅਨੁਸਾਰ ਪਿਛਲੇ ਕੇਸ ਵੀ ਫਰੋਲੇ ਜਾ ਸਕਦੇ ਨੇ।

ਹਾਜੀ : ਬਸ ਇਹੋ ਫਿਕਰ ਮੈਨੂੰ ਘੁਣ ਵਾਂਗ ਖਾ ਰਿਹਾ। ਕੋਈ ਰਾਹ ਦੱਸੋ।

ਰਿਪੋਰਟਰ : ਇਕੋ ਰਾਹ ਬਾਕੀ ਹੈ।

ਹਾਜੀ : ਦੱਸੋ ਕਿਹੜਾ?

ਰਿਪੋਰਟਰ : ਖੁਦ ਇਕਬਾਲ ਕਰਕੇ ਸਾਰੀ ਜਾਇਦਾਦ ਕੌਮ ਦੇ ਲੇਖੇ ਲਾ ਦਿਉ।

ਹਾਜੀ : ਜੇ ਸਰਕਾਰ ਬਦਲ ਗਈ, ਨਵੇਂ ਕਾਨੂੰਨ ਬਣਨਗੇ ਫੇਰ?

ਰਿਪੋਰਟਰ : ਤੁਸੀਂ ਅਕ ਥਕ ਗਏ ਲਗਦੇ ਹੋ, ਬਸ ਇਕ ਦੋ ਗੱਲਾਂ ਪੁਛਣੀਆਂ ਰਹਿ ਗਈਆਂ।

ਹਾਜੀ : ਜ਼ਰੂਰ ਪੁੱਛੋ। ਬੁੱਢੇ ਭਲਵਾਨ ਵਾਂਗ ਅਪਨੇ ਕਾਰਨਾਮੇ ਯਾਦ ਕਰਕੇ ਸਗੋਂ ਨਸ਼ਾ ਚੜ੍ਹਦਾ ਹੈ। ਮੈਂ ਉਲਟਾ ਸ਼ੁਕਰ ਗੁਜ਼ਾਰ ਆਂ, ਆਪਣੇ ਮਾਜ਼ੀ ਉੱਤੇ ਝਾਤ ਮਾਰਨ ਦਾ ਤੁਸੀਂ ਮੈਨੂੰ ਮੌਕਾ ਦਿੱਤਾ ਹੈ। ਅਪਨੇ ਨੁਕਸ ਜਾਣੇ ਬਿਨਾ ਬੰਦਾ ਅੱਗੇ ਨਹੀਂ ਵਧ ਸਕਦਾ।

ਰਿਪੋਰਟਰ : ਤਜਰਬੇ ਦੀ ਗੱਲ ਕੀਤੀ ਹੈ ਤੁਸਾਂ।

ਹਾਜੀ : ਮੈਂ ਤਾਂ ਇਕੋ ਤਜਰਬਾ ਹਾਸਲ ਕੀਤਾ।

ਰਿਪੋਰਟਰ : ਕਿਹੜਾ ਹਾਜੀ ਸਾਹਿਬ?

ਹਾਜੀ : ਹੇਰਾ ਫੇਰੀ ਨਾਲ ਦੌਲਤ ਕਮਾਣ ਦਾ। (ਦੋਵੇਂ ਉੱਚੀ ਉੱਚੀ ਹਸਦੇ ਹਨ।)

ਰਿਪੋਰਟਰ : ਹਾਜੀ ਸਾਹਿਬ, ਸਿਰਫ ਇਕ ਗੱਲ ਪੁਛ ਕੇ ਤੁਹਾਂਤੋਂ ਛੁੱਟੀ ਲਵਾਂਗਾ।

ਹਾਜੀ : ਖੂਬ ਦਿਲ ਲੱਗਾ ਹੋਇਆ ਸੀ, ਮੈਂ ਤਾਂ ਕਹਿੰਦਾਂ ਤੁਸੀਂ ਇਥੇ ਹੀ ਰਹੋ।

ਰਿਪੋਰਟਰ : ਮਿਹਰਬਾਨੀ।

ਫੇਰ ਦੋਵੇਂ ਹੱਸਦੇ ਹਨ।

ਹਾਜੀ : ਕੀ ਪੁੱਛਣ ਲੱਗੇ ਸੀ?

ਰਿਪੋਰਟਰ : ਗ੍ਰਿਫਤਾਰੀ ਵਾਲੀ ਘਟਨਾ ਦਾ ਹਾਲ ਜਾਣਨਾ ਚਾਹੁੰਦਾਂ।

ਹਾਜੀ : ਰਿਪੋਰਟਰ ਸਾਹਿਬ, ਬਹੁਤ ਦਿਲਚਸਪ ਵਾਕਿਆ ਹੈ। ਇਹ ਗੱਲ ਪੁਛ ਕੇ ਤਾਂ

ਤੁਸੀਂ ਘੜੀ ਪਲ ਲਈ ਗਮ ਗੁੱਸਾ ਭੁਲਾ ਦਿੱਤਾ।

ਰਿਪੋਰਟਰ : ਅਸਲ 'ਚ ਉਸ ਦੀਵਾਨੇ ਨੇ ਤੁਹਾਨੂੰ ਮਸਤਾਨਾ ਕਰ ਦਿੱਤਾ ਲਗਦਾ ਹੈ। ਜ਼ਰਾ ਸੁਣੋ ਕਿਸ ਤੇ ਲਾ ਰਿਹਾ :—

ਆਵਾਜ਼ : ਮੇਰੀ ਬੁੱਕਲ ਦੇ ਵਿਚ ਚੋਰ,
ਸਾਧੋ ਕਿਸ ਨੂੰ ਕੂਕ ਸੁਣਾਵਾਂ।
ਮੇਰੀ ਬੁੱਕਲ ਦੇ ਵਿਚ ਚੋਰ।
ਕਿਤੇ ਰਾਮ ਦਾਸ ਕਿਤੇ ਫਤਹ ਮੁਹੰਮਦ
ਇਹੋ ਕਦੀਮੀ ਸ਼ੋਰ।
ਮੁਕ ਗਏ ਸਭ ਝਗੜੇ ਝੇੜੇ
ਨਿਕਲ ਗਿਆ ਕੋਈ ਹੋਰ।
ਮੇਰੀ ਬੁੱਕਲ ਦੇ ਵਿਚ ਚੋਰ।
ਸਾਧੋ ਕਿਸ ਨੂੰ ਕੂਕ ਸੁਣਾਵਾਂ।

ਹਾਜੀ : ਮੇਰੇ ਮਨ ਦੇ ਵੀ ਝਗੜੇ ਝੇੜੇ ਖਤਮ ਹੁੰਦੇ ਜਾਂਦੇ ਨੇ।

ਰਿਪੋਰਟਰ : ਫੇਰ ਗਮ ਕਾਹਦਾ ?

ਹਾਜੀ : ਬਿਲਕੁਲ ਕੋਈ ਨਹੀਂ। ਤਾਹੀਓਂ ਤਾਂ ਗ੍ਰਿਫਤਾਰੀ ਨੂੰ ਮੈਂ ਖੇਲ ਸਮਝਿਆ ਸੀ।

ਰਿਪੋਰਟਰ : ਫੇਰ ਉਸ ਦਿਨ ਕਾਬੂ ਕਿੱਦਾਂ ਆ ਗਏ।

ਹਾਜੀ : ਉਸ ਦਿਨ ਮੇਰਾ ਜਨਮ ਦਿਨ ਸੀ।

ਰਿਪੋਰਟਰ : ਅੱਛਾ!

ਹਾਜੀ : ਖੂਬ ਨਾਚ ਗਾਣਿਆਂ ਦਾ ਬੰਦੋਬਸਤ ਕੀਤਾ ਹੋਇਆ ਸੀ। ਇਕੋ ਰਾਤ ਵਿਚ ਲੱਖਾਂ ਰੁਪਏ ਰੋੜ੍ਹਨ ਦਾ ਮੁਕੰਮਲ ਇੰਤਜ਼ਾਮ।

ਰਿਪੋਰਟਰ : ਸਾਨੂੰ ਵੀ ਇਕ ਝਲਕ ਦਿਖਾ ਦਿਓ, ਦਿਮਾਗੀ ਥਕੇਵਾਂ ਲਥ ਜਾਏਗਾ।

ਹਾਜੀ : ਮੈਨੂੰ ਬਾਹਰ ਆ ਲੈਣ ਦਿਓ, ਤੁਹਾਡੇ ਸਭ ਥਕੇਵੇਂ ਲਾਹ ਦਿਆਂਗਾ।

ਰਿਪੋਰਟਰ : ਮਿਹਰਬਾਨੀ।

ਹਾਜੀ : ਲਓ ਫੇਰ ਦਿਲ ਤਕੜਾ ਰੱਖਣਾ।

ਰਿਪੋਰਟਰ : ਫਿਕਰ ਨਾ ਕਰੋ, ਰਿਪੋਰਟਰ ਹਰ ਭਾਂਤ ਦੇ ਨਜ਼ਾਰੇ ਦੇਖਣ ਦੇ ਆਦੀ ਹੁੰਦੇ ਨੇ।



ਬੱਤੀਆਂ ਬੁੱਝ ਜਾਂਦੀਆਂ ਹਨ। ਮੁੜ ਜਗਦੀਆਂ ਹਨ ਤਾਂ ਇਕ ਹਾਲ ਦਾ ਸਜਿਆ ਸ਼ਿੰਗਾਰਿਆ ਦਰਵਾਜ਼ਾ ਦਿਖਾਈ ਦਿੰਦਾ ਹੈ। ਆਰਕੈਸਟਰੇ ਦੀ ਧੁਨੀ ਸੁਣਾਈ ਦਿੰਦੀ ਹੈ। ਹਾਜੀ ਸੁਲਤਾਨ ਤੇ ਬੇਗਮ ਨੂਰ ਬਾਹੀ ਮਹਿਮਾਨਾਂ ਦੇ ਸਵਾਗਤ ਲਈ ਦਰਵਾਜ਼ੇ ਬਾਹਰ ਖੜ੍ਹੇ ਹਨ। ਦੋਹਾਂ ਦੇ ਗਲਾਂ ਤੋਂ ਪੈਰਾਂ ਤਕ ਅਦੁਤੀ ਫੁੱਲਾਂ ਦੇ ਹਾਰ ਲਟਕ ਰਹੇ ਹਨ।

ਹਾਜੀ : ਬੇਗਮ ਐਨੇ ਸਾਲ ਹੋ ਗਏ ਮੇਰੇ ਨਾਲ ਰਹਿੰਦਿਆਂ, ਅਮੀਰ ਦੋਸਤਾਂ ਨੂੰ ਮਿਲਣ ਵਕਤ ਤੁਹਾਡੀ ਝਿਜਕ ਨਾ ਗਈ।

ਬੇਗਮ : ਪਤਾ ਨਹੀਂ ਕਿਉਂ, ਪਿਛਲੀਆਂ ਗੱਲਾਂ ਭੁਲਾਇਆਂ ਨਹੀਂ ਭੁਲਦੀਆਂ।

ਹਾਜੀ : ਕੁਛ ਜ਼ਿਆਦਾ ਹੀ ਮਹਿਸੂਸ ਕਰਦੇ ਹੋ।

ਬੇਗਮ : ਕੀ ਨਾਮ ਹੈ ਉਸ ਸੇਠ ਦਾ ਜਿਹੜਾ ਹੁਣੇ ਲੰਘਿਆ ?

ਹਾਜੀ : ਸੇਠ ਮੁਰਾਰੀ ਲਾਲ। ਇਹ ਤਾਂ ਅਪਣਾ ਫਿਲਮ ਡਿਸਟਰੀਬਿਊਟਰ ਹੈ।

ਬੇਗਮ : ਇਕ ਦਫਾ ਇਸ ਨੇ ਮੈਨੂੰ ਸਖਤ ਗੰਦੀਆਂ ਗਾਲ੍ਹਾਂ ਕੱਢੀਆਂ ਸਨ ?

ਹਾਜੀ : ਹੋਰ ਵੀ ਜ਼ਿਆਦਤੀ ਕੀਤੀ ਹੋਵੇਗੀ ?

ਬੇਗਮ : ਨਹੀਂ।

ਹਾਜੀ : ਮਗਰ ਤੇਰਾ ਚਿਹਰਾ ਦਸ ਰਿਹਾ। ਖੈਰ, ਗਾਲ੍ਹਾਂ ਕਿਉਂ ਕੱਢੀਆਂ ਸਨ ?

ਬੇਗਮ : ਮੈਨੂੰ ਪੈਸਿਆਂ ਦੀ ਸਖਤ ਲੋੜ ਸੀ, ਕਾਰ ਵਿਚ ਬੈਠੇ ਤੋਂ ਮੈਂ ਪੈਸੇ ਮੰਗ ਬੈਠੀ ਸਾਂ।

ਹਾਜੀ : ਅੱਛਾ, ਇਹ ਗਲ ਹੈ, ਸਾਲਾ ਮੀਸਣਾ ਕਮੀਨਾ! ਉਸ ਦੀ ਜਾਨ ਮੇਰੀ ਮੁੱਠ ਵਿਚ ਹੈ। ਅਜ ਹੀ ਉਸ ਤੋਂ ਤੇਰੀ ਜੁੱਤੀ ਚਟਾਵਾਂਗਾ।

ਬੇਗਮ : ਤੁਸੀ ਝਟ ਗੁੱਸੇ 'ਚ ਆ ਜਾਂਦੇ ਓ। ਇਸੇ ਕਰਕੇ ਮੈਂ ਕੋਈ ਗਲ ਨਹੀਂ ਦਸਦੀ।

ਹਾਜੀ : ਚਾਹੇ ਮੇਰੀ ਕਮਜ਼ੋਰੀ ਸਮਝ ਲੈ, ਇਨ੍ਹਾਂ ਲੋਕਾਂ ਲਈ ਮੇਰੇ ਮਨ'ਚ ਨਰਮੀ ਆ ਹੀ ਨਹੀਂ ਸਕਦੀ। ਮੇਰੇ ਨਾਲ ਇਨ੍ਹਾਂ ਸ਼ਖਤ ਨਫਰਤ ਵਾਲਾ ਸਲੂਕ ਕੀਤਾ ਹੋਇਐ। ਇਸੇ ਕਰਕੇ ਮੇਰੇ ਅੰਦਰ ਭੱਠੀ ਭਖਦੀ ਰਹਿੰਦੀ ਹੈ।

ਬੇਗਮ : ਪਰ ਹੁਣ ਕੀ ਫਾਇਦਾ ?

ਹਾਜੀ : ਫਾਇਦਾ ਕਿਉਂ ਨਹੀਂ, ਕਿਸੇ ਹੋਰ ਗਰੀਬ ਨਾਲ ਜ਼ਿਆਦਤੀ ਕਰਨ ਤੋਂ ਝਕਣਗੇ। ਉਹ ਪੁਲਿਸ ਇੰਨਸਪੈਕਟਰ ਜਨਮ ਭਰ ਯਾਦ ਰੱਖੇਗਾ। ਬੁਲਾਵਾਂ ਮੁਰਾਰੀ ਨਾਲ ਨੂੰ ?

ਬੇਗਮ : (ਹਥ ਜੋੜ ਕੇ) ਆਹ ਦੇਖੋ ਰੰਗ ਵਿਚ ਭੰਗ ਨਾ ਪਾਓ।

ਹਾਜੀ : ਚਲੋ ਫੇਰ ਕਿਸੇ ਵਕਤ ਸਹੀ।

ਬੇਗਮ : ਲਓ ਆ ਗਏ ਨੇ ਤੁਹਾਡੇ ਫਿਲਮ ਸਟਾਰ। ਕੱਠੇ ਦੋ ਜੋੜੇ। ਬੇਸਬਰੀ ਨਾਲ ਉਡੀਕ ਰਹੇ ਸੀ।

ਹਾਜੀ ਵਾਰੋਵਾਰੀ ਪਰਮਿੰਦਰ ਤੇ ਸਨੋਜ ਨੂੰ ਮਿਲਦਾ ਹੈ। ਉਨ੍ਹਾਂ ਦੀਆਂ ਸ਼੍ਰੀਮਤੀਆਂ ਬੇਗਮ ਦੁਆਲੇ ਹੋ ਜਾਂਦੀਆਂ ਹਨ।

ਪਰਮਿੰਦਰ : ਬੇਗਮ ਸਾਹਿਬਾ ਦੀ ਸਾੜੀ ਜ਼ੇਵਰ ਦੇਖ ਕੇ ਤਾਂ ਅੱਖਾਂ ਚੁੰਧਿਆ ਗਈਆ।

ਸਨੋਜ : ਮੁਕਾਬਲੇ ਵਿਚ ਸਾਡੀਆਂ ਬੀਵੀਆਂ ਤਾਂ ਯਤੀਮ ਲਗਦੀਆਂ।

ਹਾਜੀ : ਅਜੀ ਕਿਉਂ ਮਖੌਲ ਕਰਦੇ ਹੋ। ਇਸਦੇ ਸਾਰੇ ਜ਼ੇਵਰ ਕਪੜੇ ਮਿਲਾ ਕੇ ਬੜੀ ਹਦ ਦੋ ਲਖ ਦੇ ਹੋਣਗੇ। ਤੁਹਾਡੀਆਂ ਫਿਲਮ ਸਟਾਰ ਸ੍ਰੀਮਤੀਆਂ ਨੰਗੀਆਂ ਹੀ ਦਸ ਦਸ ਲਖ ਦੀਆਂ ਨੇ।

ਪਰਮਿੰਦਰ : ਖੂਬ ਗਿੱਟੇ ਮਾਰੇ। ਪੰਜਾਬੀ ਖੂਨ ਰਲਿਆ ਲਗਦਾ ਹਾਜੀ ਸਾਹਿਬ ਵਿਚ।

ਸਨੋਜ : ਬੰਗਲੋਰ ਵਲ ਪੰਜਾਬੀ ਕਿਥੇ ਪਹੁੰਚ ਗਏ।

ਪਰਮਿੰਦਰ : ਆਲੂ ਤੇ ਪੰਜਾਬੀ ਦੁਨੀਆਂ ਦੇ ਹਰ ਕੋਨੇ ਵਿੱਚ ਮਿਲਦੇ ਨੇ। ਨਾਲੇ ਇਹ ਤਾਂ ਬੰਬਈ ਦੀ ਉਪਜ ਹੈ ਜਿਥੇ ਪੰਜਾਬੀ ਹਰਲ ਹਰਲ ਕਰਦੇ ਫਿਰਦੇ ਨੇ।

ਸਨੋਜ : ਕਰ ਗਿਆ ਜਵਾਬੀ ਚੋਟ।

ਮਿਸਿਜ਼ ਸਨੋਜ : ਮਿਰਜ਼ਾ ਸਾਹਿਬ, ਜੇ ਬੇਗਮ ਸਾਹਿਬਾ ਸਕਰੀਨ ਤੇ ਆ ਜਾਏ, ਸਾਨੂੰ ਸਭ ਨੂੰ ਮਾਤ ਪਾ ਦੇਵੇ।

ਹਾਜੀ : ਮੇਰਾ ਘਰ ਬਰਬਾਦ ਕਰੋ ਰਲ ਕੇ। ਭਈ ਚੰਗੀ ਮੁਬਾਰਕ ਦੇਣ ਆਏ ਓ।

ਬੇਗਮ : ਜੀ, ਕਿਉਂ ਡਰਦੇ ਓ, ਹੁਕਮ ਬਿਨਾ ਪੈਰ ਨਹੀਂ ਪੁਟਦੀ।

ਪਰਮਿੰਦਰ : ਵੇਖਿਆ ਫਰਕ ? ਸਾਡੀਆਂ ਸ੍ਰੀਮਤੀਆਂ ਹਫਤਾ ਹਫਤਾ ਭਰ ਹਥ ਹੀ ਨਹੀਂ ਆਉਂਦੀਆਂ।



ਮਿਸਿਜ਼ ਸਨੋਜ਼ : ਅਸੀਂ ਕਿ ਤੁਸੀ ?

ਹਾਜੀ : ਭਰਜਾਈ ਜੀ, ਇਹਨੂੰ ਨਥ ਪਾ ਕੇ ਰਖਿਆ ਕਰੋ, ਸਰਕਾਰੀ ਸਾਹਨ ਵਾਂਗ ਅਵਾਰਾ ਫਿਰਦਾ।

ਸਾਰੇ ਖਿੜ ਖਿੜਾ ਕੇ ਹਸਦੇ ਹਨ।

ਪਰਮਿੰਦਰ : ਇਨ੍ਹਾਂ ਦਾ ਅਜ ਜਨਮ ਦਿਨ ਹੈ ਜੋ ਮਰਜ਼ੀ ਕਹਿ ਲੈਣ। ਨਾਲੇ ਸਾਡੇ ਬੋਸ ਹੋਏ।

ਅੰਦਰੋਂ ਸੁਰੀਲੀ ਆਵਾਜ਼ ਸੁਣਾਈ ਦਿੰਦੀ ਹੈ।

ਸਨੋਜ : ਇਹ ਤਾਂ ਆਇਸ਼ਾਂ ਗਾ ਰਹੀ ਹੈ।

ਹਾਜੀ : ਤਿੰਨੇ ਭੈਣਾਂ ਆਈਆਂ ਹੋਈਆਂ। ਚਲੋ ਅੰਦਰ, ਐਸ਼ ਕਰੋ।

ਪਰਮਿੰਦਰ : ਤੁਸੀਂ ਕਦੋਂ ਤਕ ਤਸ਼ਰੀਫ ਲਿਆਉਗੇ ?

ਹਾਜੀ : (ਘੜੀ ਦੇਖ ਕੇ) ਹੁਣ ਆਏ, ਦੋ ਤਿੰਨ ਖਾਸ ਅਮੀਰਾਂ ਵਜ਼ੀਰਾਂ ਦੀ ਇੰਤਜ਼ਾਰ ਹੈ।

ਬੇਗਮ : ਤੁਹਾਡੇ ਵਜ਼ੀਰਾਂ ਨੇ ਤਾਂ ਮਜ਼ਾ ਕਿਰਕਰਾ ਕਰ ਦਿੱਤਾ।

ਹਾਜੀ : ਮੈਂ ਖੁਦ ਹੈਰਾਨ ਹਾਂ। ਪੌਣਾ ਘੰਟਾ ਉੱਪਰ ਹੋ ਗਿਐ। ਮੇਰੀ ਪਾਰਟੀ ਤੇ ਕਦੇ ਕੋਈ ਲੇਟ ਹੋਣ ਦੀ ਜੁੱਰਤ ਨਹੀਂ ਕਰਦਾ। ਲੁੱਤਫ ਦੀ ਗੱਲ ਐ, ਉਨ੍ਹਾਂ ਵਿਚੋਂ ਇਕ ਵੀ ਨਹੀਂ ਪਹੁੰਚਿਆ। ਮੈਨੂੰ ਤਾਂ ਦਾਲ 'ਚ ਕੁਛ ਕਾਲਾ ਕਾਲਾ ਲਗਦਾ। ਕਿਤੇ ਕੋਈ ਲਫੜਾ ਨਾ ਹੋਵੇ।

ਬੇਗਮ : ਐਵੇਂ ਨਾ ਵਹਿਮ ਕਰਨ ਲਗ ਜਾਇਆ ਕਰੋ।

ਹਾਜੀ : ਖਤਰੇ ਦੀ ਮੈਨੂੰ ਹਮੇਸ਼ਾ ਪਹਿਲਾਂ ਟੁਣਕਾਰ ਮਿਲਦੀ ਹੈ। ਸਵੇਰ ਦੀ ਮਨ ਨੂੰ ਖੁਤਖੁਤੀ ਲੱਗੀ ਹੋਈ ਹੈ।

ਬੇਗਮ : ਅੱਜ ਦੇ ਦਿਨ ਤਾਂ ਇਨ੍ਹਾਂ ਵਹਿਮਾਂ ਨੂੰ ਮਨੋ ਕਢ ਦਿਓ।

ਹਾਜੀ : ਬੇਗਮ, ਸਾਡਾ ਧੰਦਾ ਐਸਾ ਹੈ, ਕੋਈ ਗੱਲ ਵੀ ਕਿਸੇ ਵਕਤ ਮੁਮਕਿਨ ਹੋ ਸਕਦੀ ਹੈ।

ਬੇਗਮ : ਲਓ, ਉਹ ਰਮਜ਼ਾਨ ਨੱਸਾ ਆਉਂਦਾ, ਅੱਲਾ ਖੈਰ ਕਰੇ।

ਹਾਜੀ : ਘਬਰਾਇਆ ਹੋਇਆ ਲਗਦਾ ।

ਬੇਗਮ : ਕਿਤੇ ਤੁਹਾਡੀ ਗੱਲ ਸੱਚੀ........

ਹਾਜੀ : ਰਮਜ਼ਾਨ, ਕਿਆ ਬਾਤ ਹੈ ?

ਰਮਜ਼ਾਨ : (ਆਲੇ ਦੁਆਲੇ ਝਾਤ ਮਾਰ ਕੇ) ਫੌਰਨ ਛੁੱਪ ਜਾਓ. ਗ੍ਰਿਫਤਾਰ ਕਰਨ ਆ ਰਹੇ ਨੇ ।

ਹਾਜੀ : ਕੌਣ ਜੰਮਿਆਂ ਮੈਨੂੰ ਫੜਨ ਵਾਲਾ ।

ਰਮਜ਼ਾਨ : ਉਹ ਲਾਖੀਆ ਵੀ ਇਸੇ ਤਰ੍ਹਾਂ ਕਹਿੰਦਾ ਸੀ ।

ਹਾਜੀ : ਮੈਂ ਪਾਣੀ ਵਾਂਗ ਰੁਪਿਆ ਰੋੜ੍ਹ ਦਿਆਂਗਾ ।

ਰਮਜ਼ਾਨ : ਸੈਂਟਰ ਦੀ ਹਦਾਇਤ ਨਾਲ ਗ੍ਰਿਫਤਾਰੀ ਹੋ ਰਹੀ ਹੈ। ਖੁਫੀਆ ਅਫਸਰਾਂ ਨੇ ਮੈਨੂੰ ਖੁਦ ਦੱਸਿਆ ।

ਹਾਜੀ : ਕਿਆ ਕਿਹਾ ?

ਰਮਜ਼ਾਨ : ਪਈ ਮਿਰਜ਼ਾ ਸਾਹਿਬ ਨੂੰ ਆਖੋ, ਫੌਰਨ ਛੁਪ ਜਾਣ ।

ਹਾਜੀ : ਇਨ੍ਹਾਂ ਮਹਿਮਾਨਾਂ ਨੂੰ ਕਿਸ ਤਰ੍ਹਾਂ ਛਡ ਕੇ ਜਾ ਸਕਦਾਂ ।

ਬੇਗਮ : ਇਨ੍ਹਾਂ ਨੂੰ ਅਸੀਂ ਸੰਭਾਲਾਂਗੇ । ਕੋਈ ਨਾ ਕੋਈ ਬਹਾਨਾ ਲਾ ਦਿਆਂਗੇ, ਤੁਸੀਂ ਫੌਰਨ ਖਿਸਕ ਜਾਓ ।

ਰਮਜ਼ਾਨ : ਬੇਗਮ ਸਾਹਿਬਾ ਠੀਕ ਕਹਿੰਦੇ ਨੇ, ਜਲਦੀ ਕਰੋ ।

ਹਾਜੀ ਹਾਰ ਲਾਹ ਕੇ ਪਰੇ ਸੁਟਦਾ ਹੈ ਅਤੇ ਇਕ ਪਾਸੇ ਨੂੰ ਛੇਤੀ ਛੇਤੀ ਜਾਂਦਾ ਹੈ। ਬੇਗਮ ਤੇ ਰਮਜ਼ਾਨ ਅੰਦਰ ਜਾਂਦੇ ਹਨ । ਤਾਲੀਆਂ ਤੇ ਹੱਸਣ ਦੀਆਂ ਆਵਾਜ਼ਾਂ ਦੀ ਗੂੰਜ । ਔਰਕੈਸਟਰੇ ਉੱਤੇ ਨਾਚ ਦੀ ਟਿਊਨ ਵਜਦੀ ਹੈ। ਪੱਛਮੀ ਨਾਚ ਸ਼ੁਰੂ ਹੁੰਦਾ ਹੈ।

... ... ... ... ... ... ... ... ...

... ... ... ... ... ... ... ... ...

ਬੱਤੀਆਂ ਬੁੱਝ ਕੇ ਜਗਦੀਆਂ ਹਨ ਤਾਂ ਹਾਜੀ ਸੁਲਤਾਨ ਦੋਹਾਂ



ਹੱਥਾਂ ਨਾਲ ਸੀਖਾਂ ਫੜ ਕੇ ਗਮਗੀਨ ਦਸ਼ਾ ਵਿਚ ਖੜ੍ਹਾ ਹੈ । ਰਿਪੋਰਟਰ ਕੁਝ ਲਿਖ ਰਿਹਾ ਹੈ ।

ਦਰੋਗਾ : ਦਖਲ ਅੰਦਾਜ਼ੀ ਮੁਆਫ ਹਾਜੀ ਸਾਹਿਬ, ਕੋਈ ਸ਼ਖਸ਼ ਤੁਹਾਨੂੰ ਮਿਲਣਾ ਚਾਹੁੰਦਾ ।

ਹਾਜੀ : ਕੌਣ ਹੈ ? ਆਉਣ ਦਿਉ ।

ਦਰੋਗਾ : ਮੋਟੇ ਢਿੱਡ ਵਾਲਾ ਕੋਈ ਸੇਠ ਐ । ਜ਼ਿਆਦਾ ਹੀ ਘਬਰਾਹਟ ਵਿਚ ਲਗਦਾ ਵਿਚਾਰਾ ।

ਹਾਜੀ : (ਰਿਪੋਰਟਰ ਨੂੰ) ਤੁਸੀਂ ਇਕ ਤਰਫ ਖੜ੍ਹੇ ਹੋ ਕੇ ਜ਼ਰਾ ਜ਼ਿੰਦਾ ਤਮਾਸ਼ਾ ਦੇਖੋ ।

ਡਰਿਆ ਸਹਿਮਿਆਂ ਤ੍ਰੇਲੋ ਤ੍ਰੇਲੀ ਸੇਠ ਹਰਸੁਖ ਲਾਲ ਸਾਹਮਣੇ ਆਉਂਦਾ ਹੈ ।

ਸੇਠ : (ਆਲੇ ਦੁਆਲੇ ਦੇਖ ਕੇ) ਹਾਜੀ ਸਾਹਿਬ, ਕਿਉਂ ਹਮਾਰਾ ਬੇੜਾ ਗਰਕ ਕਰਨ ਲੱਗੇ ਓ । ਹਮਾਰੇ ਬਾਲ ਬਚਿਆਂ ਦਾ ਹੀ ਕੁਝ ਖਿਆਲ ਕਰੋ ।

ਹਾਜੀ : ਬੰਬਈ ਦੇ ਮਾਲਕਾਂ ਨੂੰ ਕਿਆ ਮੁਸੀਬਤ ਆ ਪਈ ?

ਸੇਠ : ਪਤਾ ਲੱਗਾ ਹੈ, ਆਪ ਕੋਈ ਬਿਆਨ ਦੇਣ ਲੱਗੇ ਹੋ । ਜੇ ਸਚ ਹੈ ਤਬ ਹਮਾਰਾ ਨਾਮ ਮਤ ਲੇਨਾ ।

ਹਾਜੀ : ਸੇਠ ਸਾਹਿਬ, ਮੈਂ ਯਾਰ ਬੇਲੀਆਂ ਨੂੰ ਕਿਸ ਤਰ੍ਹਾਂ ਭੁਲ ਸਕਦਾਂ ।

ਸੇਠ : ਹਾਜੀ ਸਾਹਿਬ, ਮਖੌਲ ਛੋਡੋ, ਹਮਾਰੀ ਜਾਨ ਨਿਕਲ ਰਹੀ ਹੈ ।

ਹਾਜੀ : ਸੇਠ ਸਾਹਿਬ, ਜਦੋਂ ਚੱਕਰ ਚਲਦਾ ਹੈ ਸਭ ਆਪਣੇ ਆਪ ਲਪੇਟੇ 'ਚ ਆ ਜਾਂਦੇ ਹੈਨ ।

ਸੇਠ : (ਹੱਥ ਜੋੜ ਕੇ) ਆਹ ਦੇਖੋ ਮੈਂ ਹੱਥ ਬੰਨ੍ਹਦਾ, ਮੇਰਾ ਨਾਮ ਮਤ ਲੇਨਾ, ਜੋ ਕੁਛ ਹੁਕਮ ਕਰੋ ਮੈਂ ਫੌਰਨ ਕਰਨ ਨੂੰ ਤਿਆਰ ਹਾਂ ।

ਹਾਜੀ : ਸੇਠ ਸਾਹਿਬ, ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ, ਮੈਂ ਪੁਖਤਾ ਇਰਾਦੇ ਵਾਲਾ ਬੰਦਾ ਹਾਂ, ਜਦੋਂ ਮੈਂ ਫੈਸਲਾ ਕਰ ਲਵਾਂ ਫੇਰ ਮੈਂ ਨਫਾ ਨੁਕਸਾਨ ਨਹੀਂ ਸੋਚਦਾ ।

ਸੇਠ : (ਕਾਹਲੀ ਨਾਲ) ਕੈਸਾ ਫੈਸਲਾ ?

ਹਾਜੀ : ਅਪਣੇ ਵਾਂਗ ਭਾਈਵਾਲਾਂ ਨੂੰ ਨੰਗਾ ਕਰਨ ਦਾ ।

ਸੇਠ : (ਹਉਕਾ ਲੈਂਦਾ ਹੋਇਆ) ਹਾਜੀ ਸਾਹਿਬ, ਮੇਰੀ ਟਬਰੀ ਦਾ ਕਿਆ ਹਾਲ ਹੋਵੇਗਾ ?

ਹਾਜੀ : ਸੇਠ ਸਾਹਿਬ, ਤੁਹਾਨੂੰ ਕਾਹਦਾ ਫਿਕਰ ਐ, ਕਾਰੂੰ ਨੇ ਵੀ ਇਤਨੀ ਦੌਲਤ ਜਮ੍ਹਾਂ ਨਹੀਂ ਕੀਤੀ ਹੋਊ । ਸਤ ਪੁਸ਼ਤਾਂ ਤਕ ਨਹੀਂ ਮੁਕ ਸਕਦੀ ।

ਸੇਠ : ਤੁਸੀ ਨਹੀਂ ਸਮਝਦੇ ਹਾਜੀ ਸਾਹਿਬ, ਸਾਡੇ ਬਾਪ ਦਾਦਾ ਨੇ ਕਭੀ ਜੇਲ ਦੀ ਸ਼ਕਲ ਨਹੀਂ ਦੇਖੀ । ਭਾਈਚਾਰੇ ਵਿਚ ਸਖਤ ਨਮੋਸ਼ੀ ਹੋਵੇਗੀ । ਲੜਕੇ ਲੜ-ਕੀਆਂ ਦੇ ਰਿਸ਼ਤੇ ਨਾਤੇ ਬੰਦ ਹੋ ਜਾਣਗੇ । ਖਾਨਦਾਨ ਬਰਬਾਦ ਹੋ ਜਾਵੇਗਾ ।

ਹਾਜੀ : ਮੈਂ ਨਾ ਵੀ ਦੱਸਾਂ, ਮੌਜੂਦਾ ਫੜ ਫੜਾਈ ਵਿਚ ਤੁਸੀ ਕਿਸੇ ਸੂਰਤ ਬਚ ਨਹੀਂ ਸਕਦੇ ।

ਸੇਠ : ਬਾਕੀ ਸਭ ਬੰਦੋਬਸਤ ਮੈਂ ਕੀਤਾ ਹੋਇਆ । ਲੱਖਾਂ ਰੁਪਏ ਖੁਆ ਚੁੱਕਾਂ ਹਾਂ ।

ਹਾਜੀ : ਸੇਠ ਜੀ, ਮੈਂ ਕੋਈ ਘਟ ਖਰਚ ਕੀਤਾ ਸੀ, ਸਮਝ ਨਹੀਂ ਆਉਂਦੀ ਤੁਹਾਡੇ ਵਰਗਾ ਨਾਮਵਰ ਧਨੀ ਏਸ ਭੌਜਲ ਵਿਚੋਂ ਕਿਸ ਤਰ੍ਹਾਂ ਬਚ ਸਕੇਗਾ ।

ਸੇਠ : ਤੁਮ ਹਮਾਰਾ ਨਾਮ ਨਾ ਲੇਨਾ, ਬਾਕੀ ਮੇਰੀ ਕਿਸਮਤ ।

ਹਾਜੀ : ਮੈਂ ਅੱਲਾ ਪਾਕ ਅੱਗੇ ਵੀ ਸੱਚਾ ਹੋਣਾ, ਅਪਨੇ ਗੁਨਾਹਾਂ ਤੋਂ ਤੌਬਾ ਕਰਨੀ ਹੈ, ਮੈਨੂੰ ਸਚ ਬੋਲਣਾ ਹੀ ਪੈਣਾ ।

ਸੇਠ : (ਡਰ ਨਾਲ ਕੰਬਦਾ ਹੋਇਆ) ਹੇ ਪਰਮਾਤਮਾ, ਕਿਆ ਬਣਨ ਵਾਲਾ ਹੈ । ਹਾਜੀ ਸਾਹਿਬ, ਬਚਾ ਦਾ ਕੋਈ ਢੰਗ ਤਾਂ ਦੱਸੋ । ਮੈਂ ਸਭ ਕੁਛ ਕਰਨ ਨੂੰ ਤਿਆਰ ਬੈਠਾਂ ।

ਹਾਜੀ : ਇਕੋ ਇਕ ਰਸਤਾ ਰਹਿ ਗਿਆ ਹੈ ।

ਸੇਠ : (ਕਾਹਲਾ ਪੈ ਕੇ) ਉਹ ਕਿਹੜਾ ? ਛੇਤੀ ਦੱਸੋ ।

ਹਾਜੀ : ਤੁਸੀ ਰੱਬ ਦੀ ਦਰਗਾਹ ਵਿਚ ਸਚੋ ਸਚ ਦਸ ਦਿਉ । (ਹੱਥ ਦੇ ਇਸ਼ਾਰੇ ਨਾਲ) ਅੰਧਰ ਮਹਾਰਾਜ ।

ਸੇਠ : (ਕੰਬਦਾ ਹੋਇਆ) ਇਹ ਕੌਣ ਹੈ ?

ਹਾਜੀ : ਧਰਮ ਰਾਜ । ਤੁਸੀ ਧਰਮ ਰਾਜ ਦੇ ਰੂਬਰੂ ਖੜੇ ਹੋ ।

ਸੇਠ : (ਧਾਰਮਕ ਭਾਵ ਅਧੀਨ ਡਰਕੇ) ਹੈਂ ! ਧਰਮ ਰਾਜ ?



ਹਾਜੀ : ਹਾਂ ਹਾਂ, ਤੇਰੇ ਅਮਲਾਂ ਦਾ ਹਿਸਾਬ ਕਿਤਾਬ ਲੈਣ ਵਾਲਾ । ਐ ਨੂਰੀ ਫਰਿਸ਼ਤੇ ਏਸ ਪਾਕ ਦਾਮਨ ਸੇਠ ਉੱਤੇ ਰਹਿਮ ਕਰੋ ।

ਰਿਪੋਰਟਰ : (ਆਵਾਜ਼ ਬਦਲਕੇ) ਇਹ ਤਾਂ ਗੰਦਗੀ ਦਾ ਭ੍ਰਿਸ਼ਟ ਕੀੜਾ ਹੈ ।

ਸੇਠ : (ਕੰਬਦਾ ਹੋਇਆ) ਹਰੇ ਰਾਮ !

ਹਾਜੀ : ਸੇਠ ਜੀ, ਤੁਸੀ ਧਰਮ ਰਾਜ ਦੀ ਹਜ਼ੂਰੀ ਵਿਚ ਖੜੇ ਹੋ, ਸਭ ਕੁਛ ਸਚੋ ਸਚ ਦਸ ਦਿਉ, ਫੇਰ ਤੁਹਾਡੀ ਦੋਹੀ ਜਹਾਨੀ ਨਿਜਾਤ ਹੋ ਸਕਦੀ ਹੈ ।

ਰਿਪੋਰਟਰ : (ਰੋਅਬ ਨਾਲ) ਦੇਖ, ਜੇ ਇਕ ਗਲ ਵੀ ਗਲਤ ਬੋਲੀ, ਉਸੀ ਵਕਤ ਨਰੜ ਕੇ ਨਰਕ ਕੁੰਡ ਵਿਚ ਸੁੱਟ ਦਿੱਤਾ ਜਾਵੇਂਗਾ । ਸੁਣਿਐਂ ?

ਸੇਠ : (ਝਿਜਕਦਾ ਹੋਇਆ) ਮਹਾਰਾਜ, ਤੁਸੀ ਅੰਤਰਯਾਮੀ ਹੋ, ਘਟ ਘਟ ਦੀ ਜਾਨਣ ਹਾਰ । ਤੁਹਾਥੋਂ ਕਿਹੜੀ ਗਲ ਛੁਪੀ ਹੋਈ ਹੈ, ਮੇਰੇ ਮੂੰਹੋਂ ਕਿਉਂ ਅਖਵਾਂਦੇ ਹੋ ।

ਰਿਪੋਰਟਰ : ਧਰਮ ਈਮਾਨ ਨਾਲ ਦਸ, ਤੇਰੇ ਪਾਸ ਕਿਨਾ ਧਨ ਹੈ ?

ਸੇਠ : ਬੇ ਹਿਸਾਬਾ ਹੈ ਮਹਾਰਾਜ, ਸਭ ਆਪ ਦੀ ਕਿਰਪਾ ਹੈ ।

ਰਿਪੋਰਟਰ : ਉਹ ਅਣਗਿਣਤ ਮਾਯਾ ਕਿਸ ਕਿਸ ਸ਼ਕਲ ਵਿਚ ਪਈ ਹੈ ?

ਸੇਠ : ਮਹਾਰਾਜ, ਸੋਨੇ ਚਾਂਦੀ ਦੇ ਰੂਪ ਵਿਚ, ਬੈਂਕਾਂ ਦੇ ਸੇਫਾ ਵਿਚ, ਜ਼ੇਵਰਾਂ ਦੀ ਸ਼ਕਲ ਵਿਚ –

ਰਿਪੋਰਟਰ : (ਰੋਆਬ ਨਾਲ) ਹੋਰ ?

ਸੇਠ : ਪਲੰਘਾਂ ਦੇ ਪਾਵਿਆਂ ਨੀਚੇ ਇੱਟਾਂ ਦੀ ਸੂਰਤ ਵਿਚ, ਘਰ ਦੇ ਸਟੋਰ ਵਿਚ ਸੋਨੇ ਦੇ ਥਾਲਾ ਦੀ ਹਾਲਤ ਵਿਚ ।

ਰਿਪੋਰਟਰ : ਹੋਰ ਵੀ ਹੈ ।

ਸੇਠ : ਹਾਂ ਮਹਾਰਾਜ, ਗੁਸਲਖਾਨਿਆਂ ਦੀਆਂ ਕੰਧਾਂ, ਆਲਿਆਂ ਵਿਚ ।

ਰਿਪੋਰਟਰ : ਬੰਬਈ ਸ਼ਹਿਰ ਵਿਚ ਕਿੰਨੇ ਮਕਾਨ, ਕਿੰਨੇ ਹੋਟਲ ਔਰ ਕਿੰਨੇ ਗਰਾਜ ਨੇ ?

ਸੇਠ : ਤਿੰਨ ਬਿਲਡਿੰਗਾਂ, ਦੋ ਹੋਟਲ ਔਰ ਇਕ ਗਰਾਜ ਹੈ ਮਹਾਰਾਜ ।

ਰਿਪੋਰਟਰ : ਝੂਠ ਬੋਲਿਆ ਹੈਂ !

ਸੇਠ : ਮੇਰੇ ਨਾਮ ਇਹੋ ਨੇ ।

ਰਿਪੋਰਟਰ : ਬਾਕੀ ਮਕਾਨ ਔਰ ਹੋਟਲ ਕਿਸ ਕਿਸ ਦੇ ਨਾਮ ਹੈਨ ?

ਸੇਠ : ਜੀ ਲੜਕੇ ਲੜੀਆਂ, ਸਾਲੇ ਸਾਲੀਆਂ, ਨਜ਼ਦੀਕੀ ਰਿਸ਼ਤੇਦਾਰਾਂ, ਵਫ਼ਾਦਾਰ ਮੁਲਾਜ਼ਮਾਂ, ਕੁੱਤੇ ਬਿਲੀਆਂ ਦੇ ਨਾਂ ।

ਰਿਪੋਰਟਰ : ਇਨਕਮ ਟੈਕਸ ਕਿੰਨਾ ਭਰਦਾਂ ?

ਸੇਠ : ਜੀ, ਪੂਰਾ ਚਾਰ ਲਖ ਸਾਲ ਦਾ ।

ਹਾਜੀ : ਸੁਣ ਲਓ ਮਹਾਰਾਜ, ਬਾਰਾਂ ਲਖ ਤਾਂ ਮੈਂ ਦਿੰਦਾ, ਔਰ ਮੈਂ ਸੇਠ ਸਾਹਿਬ ਦੇ ਮੁਕਾਬਲੇ ਕੁਛ ਚੀਜ਼ ਨਹੀਂ ।

ਸੇਠ : ਹਾਜੀ ਸਾਹਿਬ, ਤੁਹਾਡਾ ਖਰਚਾ ਬੋੜਾ ਹੈ । (ਹੌਲੀ ਮਿੰਨਤ ਨਾਲ) ਤੁਸੀਂ ਚੁਪ ਰਹੋ ਜੀ ।

ਰਿਪੋਰਟਰ : ਸੱਚੋ ਸਚ ਦਸ, ਕੁਲ ਕਿੰਨਾ ਬਣਦਾ ?

ਸੇਠ : ਪਿਛਲਾ ਤਾਂ ਨਹੀਂ ਲਿਆ ਜਾਵੇਗਾ ?

ਰਿਪੋਰਟਰ : ਨਹੀਂ, ਇਕਰਾਰ ਹੋਇਆ ।

ਸੇਠ : ਜੀ, ਵੀਹ ਲਖ ਦੇ ਕਰੀਬ ।

ਰਿਪੋਰਟਰ : ਹਿਸਾਬ ਖਾਤੇ ਕਿੰਨੇ ਰੱਖੇ ਹੋਏ ਨੇ ।

ਸੇਠ : ਸਿਰਫ ਤਿੰਨ ਤਰ੍ਹਾਂ ਦੇ ਮਹਾਰਾਜ । ਪੇਟ ਦੀ ਖਾਤਰ ਸਭ ਕੁਝ ਕਰਨਾ ਪੈਂਦਾ, ਅਫਸਰਾਂ ਨੂੰ ਬਾਕਾਇਦਾ ਹਿੱਸਾ ਪੱਤੀ ਦੇਂਦਾ । ਮਹਾਰਾਜ, ਇਹ ਵੀ ਤਾਂ ਸੋਚੋ, ਕਿੰਨੀ ਜਾਨ ਮਾਰੀ ਨਾਲ ਪੈਸਾ ਕਮਾ ਹੁੰਦਾ । ਫਿਕਰ ਨਾਲ ਜਾਨ ਸੂਲੀ ਤੇ ਟੰਗੀ ਰਹਿੰਦੀ ਹੈ । ਕਾਲੇ ਧੰਦੇ ਦਾ ਬਸ ਇਹੋ ਨੁਕਸ ਐ, ਕਮਾਈ ਬੇਅੰਤ ਹੈ ਪਰ ਮਨ ਨੂੰ ਇਕ ਪਲ ਚੈਨ ਨਹੀਂ ਮਿਲਦੀ, ਹਰ ਵਕਤ ਜਾਨ ਸੁੱਕੀ ਰਹਿੰਦੀ ਹੈ ।

ਰਿਪੋਰਟਰ : ਪਰ ਤੇਰੀ ਜਾਨ ਤਾਂ ਕੋਈ ਨਹੀਂ ਸੁੱਕੀ, ਕਾਫੀ ਮੋਟਾ ਤਾਜ਼ਾ ਹੈਂ ।

ਸੇਠ : ਮਹਾਰਾਜ, ਬੱਸ ਢਾਂਚਾ ਹੀ ਦਿਸਦਾ, ਦਿਲ ਫਰੋਲ ਕੇ ਦੇਖੋ, ਚਿੜੀ ਦੇਖ ਬੱਚੇ ਵਾਂਗ ਚਿਲ੍ਹੂੰ ਚਿਲ੍ਹੂੰ ਕਰਦਾ ।

ਰਿਪੋਰਟਰ : ਫੇਰ ਇਹ ਕਾਲਾਂ ਧੰਦਾ ਕਿਉਂ ਕਰਦਾਂ ?



ਸੇਠ : ਪਿਉ ਦਾਦੇ ਦਾ ਸ਼ੁਰੂ ਕੀਤਾ ਹੋਇਆ । ਮਹਾਰਾਜ, ਆਪ ਤਾਂ ਸੁਰਗਾਂ ਵਿਚ ਜਾ ਬੈਠੇ ਤੇ.........

ਰਿਪੋਰਟਰ : ਨਰਕ ਵਿਚ ਭਠ ਝੋਕ ਰਹੇ ਨੇ ਤੇਰੇ ਬਜ਼ੁਰਗ ।

ਸੇਠ : ਹਰੇ ਰਾਮ ! ਮੈਨੂੰ ਬਖਸ਼ੋ, ਮੇਰੀ ਤੋਬਾ । ਮਹਾਰਾਜ, ਮੈਂ ਗਰੀਬ ਗੁਰਬੇ ਦਾ ਖਾਸ ਧਿਆਨ ਰੱਖਦਾਂ, ਦੱਬ ਕੇ ਪੁੰਨ ਦਾਨ ਕਰਦਾਂ, ਗਊ ਬ੍ਰਾਹਮਣ ਦੀ ਟਹਿਲ ਸੇਵਾ ਕਰਦਾਂ ।

ਰਿਪੋਰਟਰ : ਸਭ ਪਖੰਡ ਹੈ, ਇਨ੍ਹਾਂ ਨਾਲ ਤੇਰੇ ਪਾਪ ਧੋਤੇ ਨਹੀਂ ਜਾ ਸਕਦੇ ।

ਸੇਠ : ਫੇਰ ਮੈਨੂੰ ਬਖਸ਼ੋ, ਦੱਸੋ ਮੈਂ ਕੀ ਕਰਾਂ ।

ਰਿਪੋਰਟਰ : ਸਚੋ ਸੱਚ ਦੱਸ; ਕੁਲ ਕਿੰਨਾ ਸਰਮਾਇਆ ਹੈ ਤੇਰੇ ਪਾਸ ?

ਸੇਠ : ਇਹੋ ਕੋਈ ਪੰਜ ਸੱਤ ਕਰੋੜ ।

ਰਿਪੋਰਟਰ : ਝੂਠ ਬੋਲਣ ਦੀ ਸਜ਼ਾ ਪਤਾ ਕਿਆ ਹੈ ?

ਸੇਠ : ਜੀ, ਬਾਰਾਂ ਕਰੋੜ ਦੇ ਕਰੀਬ ਹੋਵੇਗਾ ।

ਰਿਪੋਰਟਰ : ਅਜੇ ਵੀ ਝੂਠ ਬੋਲਿਆ ਹੈਂ । ਤੈਨੂੰ ਸਜ਼ਾ ਦਿਤੀ ਜਾਂਦੀ ਹੈ ।

ਸੇਠ : ਕਿਰਪਾ ਕਰੋ ਮਹਾਰਾਜ, ਫਰਮਾਓ ।

ਰਿਪੋਰਟਰ : ਫੌਰਨ ਕਪੜੇ ਉਤਾਰ ਕੇ ਨੰਗਾ ਖੜਾ ਹੋਜਾ ।

ਸੇਠ : ਹਰੇ ਰਾਮ ! ਪਰ ਜੀ.........

ਰਿਪੋਰਟਰ : ਇਕ ਗੱਲ ਵੀ ਮੂੰਹੋਂ ਕੱਢੇਂਗਾ, ਸਜ਼ਾ ਦੂਣੀ ਹੋ ਜਾਵੇਗੀ ।

ਸੇਠ : ਖੋਲ੍ਹਦਾ ਹਾਂ ਮਹਾਰਾਜ, ਨਾਰਾਜ਼ ਨਾ ਹੋਵੋ । ਕਿਆ ਧੋਤੀ ਵੀ ਲਾਹ ਦਿਆਂ ?

ਰਿਪੋਰਟਰ : ਨਹੀਂ, ਇਹ ਰਹਿਣ ਦੇ ਤੇੜ ।

ਸੇਠ : (ਧਾਰਮਕ ਡਰ ਭਉ ਅਧੀਨ ਕੰਬਦਾ ਹੋਇਆ) ਹੇ ਪ੍ਰਮਾਤਮਾ, ਬਖਸ਼ੀਂ ! ਪਤਾ ਨਹੀਂ ਕਿਸ ਪਾਪ ਦੀ ਸਜ਼ਾ ਮਿਲ ਰਹੀ ਹੈ । ਮੈਂ ਤਾਂ ਕਦੇ ਕੋਈ ਗੁਨਾਹ ਨਹੀਂ ਕੀਤਾ ।

ਰਿਪੋਰਟਰ : ਅਜੇ ਵੀ ਝੂਠ ! ਮਾਇਆ ਦੇ ਲਾਲਚ ਨੇ ਤੇਰਾ ਚਿਹਰਾ ਕਰੂਪ ਤੇ ਬੁੱਧੀ

ਭ੍ਰਿਸ਼ਟ ਕਰ ਦਿੱਤੀ ਹੈ। ਓਥੇ ਪਰੇ ਹੋ ਕੇ ਖੜਾ ਹੋ ਜਾ ਅਤੇ ਮੂੰਹ ਪਰਲੇ ਪਾਸੇ ਨੂੰ ਕਰ ਲੈ।

ਸੇਠ : ਆਹ ਲਓ ਮਹਾਰਾਜ, ਗੁੱਸੇ ਨਾ ਹੋਵੋ। ਹੇ ਪ੍ਰਮਾਤਮਾ, ਮੈਨੂੰ ਅਪਰਾਧੀ ਨੂੰ ਬਖਸ਼ੀਂ।

ਹਾਜੀ : ਦਰੋਗਾ ਸਾਹਿਬ, ਕਿਆ ਬਾਤ ਹੈ ?

ਦਰੋਗਾ : ਇਕ ਨੇਤਾ ਨੇ ਸਾਡਾ ਨਕ ਵਿਚ ਦਮ ਕੀਤਾ ਹੋਇਆ।

ਹਾਜੀ : ਕਿਆ ਚਾਹੁੰਦਾ ਹੈ ?

ਦਰੋਗਾ : ਤੁਹਾਨੂੰ ਮਿਲਣ ਲਈ ਜ਼ਿਦ ਕਰ ਰਿਹਾ।

ਹਾਜੀ : ਭੇਜ ਦਿਓ। ਦੇਖਦਾ ਹਾਂ, ਐਨਾ ਕਾਹਲਾ ਕਿਹੜਾ ਨੇਤਾ ਹੈ।

ਇਕ ਖੱਦਰ ਪੋਸ਼ ਸਾਹੋ ਸਾਹ ਨਜ਼ਰ ਆਉਂਦਾ ਹੈ।

ਨੇਤਾ : ਮਿਰਜ਼ਾ ਸਾਹਿਬ, ਕੀ ਜ਼ੁਲਮ ਕਰਨ ਲੱਗੇ ਓ, ਸੁਣਿਐ, ਤੁਸੀਂ ਬਿਆਨ ਦੇ ਕੇ ਸਾਨੂੰ ਵੀ ਲਪੇਟ ਵਿਚ ਲੈਣ ਲੱਗੇ ਹੋ ?

ਹਾਜੀ : ਜੇਲ੍ਹ 'ਚ ਕੱਲੇ ਦਾ ਦਿਲ ਨਹੀਂ ਸੀ ਲਗਦਾ, ਮੈਂ ਕਿਹਾ ਭਾਈਵਾਲਾਂ ਨੂੰ ਵੀ ਬੁਲਾ ਲਵਾਂ।

ਨੇਤਾ : (ਆਦਤ ਅਨੁਸਾਰ ਉੱਚੀ) ਮਿਰਜ਼ਾ ਸਾਹਿਬ, ਤੁਹਾਡਾ ਕੁਛ ਨਹੀਂ ਵਿਗੜਨਾ, ਕਈ ਦਫ਼ਾ ਜੇਲ ਦੀ ਹਵਾ ਫਕ ਚੁੱਕੇ ਓ। ਉਂਜ ਵੀ ਤੁਹਾਡਾ ਕੋਈ ਅੱਗਾ ਪਿਛਾ ਨਹੀਂ, ਮੈਂ ਚੰਗੀ ਤਰ੍ਹਾਂ ਜਾਣਦਾ। ਅਸੀਂ ਖਾਨਦਾਨੀ ਬੰਦੇ ਹਾਂ, ਸਮਾਜ 'ਚ ਮੂੰਹ ਦਖਾਉਣ ਜੋਗਾ ਨਹੀਂ ਰਹਾਂਗਾ।

ਹਾਜੀ : ਭਾਸ਼ਨ ਬੰਦ ਕਰੋ, ਇਹ ਜਲਸਾ ਨਹੀਂ ਜੇਲ੍ਹ ਹੈ।

ਨੇਤਾ : (ਬਿਨਾ ਗਲ ਸੁਣੇ ਉਸੇ ਲਹਿਜੇ ਵਿਚ) ਮਿਰਜ਼ਾ ਸਾਹਿਬ, ਸਖਤ ਗੜਬੜ ਹੋ ਜਾਵੇਗੀ, ਪਬਲਿਕ ਵਿਚ ਮੇਰਾ ਇਮੇਜ ਖਰਾਬ ਹੋ ਜਾਵੇਗਾ। ਲੋਕੀ ਮੈਨੂੰ ਮਹਾਤਮਾ ਵਾਂਗੂ ਪੂਜਦੇ ਨੇ। ਮੇਰੀ ਇੱਜ਼ਤ ਮਿੱਟੀ 'ਚ ਮਿਲ ਜਾਵੇਗੀ। ਦੱਸੋ, ਮੈਂ ਤੁਹਾਡੇ ਲਈ ਕੀ ਕੁਛ ਨਹੀਂ ਕੀਤਾ ?

ਹਾਜੀ : ਮੈਨੂੰ ਬਚਾਣ ਲਈ ਤੁਸੀ ਕੋਈ ਚਾਰਾ ਜੋਈ ਨਹੀਂ ਕੀਤੀ।



ਨੇਤਾ : ਸਫੈਦ ਝੂਠ। ਗ੍ਰਿਫਤਾਰੀ ਬਾਰੇ ਇਕ ਘੰਟਾ ਪਹਿਲਾਂ ਦਸ ਦਿੱਤਾ ਸੀ, ਤੁਸੀਂ ਯਕੀਨ ਨਹੀਂ ਕੀਤਾ ਹੋਣਾ। ਫੇਰ ਰਿਟ ਦਰਜ ਕਰਾਣ ਵਿਚ ਮੈਂ ਬੇਗਮ ਸਾਹਿਬਾ ਨੂੰ ਉਚੇਚਾ ਕਿਹਾ।

ਹਾਜੀ : ਮੈਨੂੰ ਹੁਣ ਕਿਸੇ ਕਿਸਮ ਦਾ ਡਰ ਨਹੀਂ। ਜ਼ਿੰਦਗੀ ਰੱਜ ਕੇ ਦੇਖ ਲਈ ਐ। ਮੈਂ ਤਾਂ ਸੱਚ ਬੋਲਣ ਲਈ ਤਿਆਰ ਬੈਠਾਂ।

ਨੇਤਾ : ਸਚ ਬੋਲਣ ਦੀ ਸਜ਼ਾ ਜ਼ਹਿਰ ਦਾ ਪਿਆਲਾ ਵੀ ਤਾਂ ਹੋ ਸਕਦੀ ਹੈ।

ਹਾਜੀ : ਸੁਕਰਾਤ ਵਾਂਗ ਪੀਣ ਲਈ ਤਿਆਰ ਬੈਠਾਂ। ਸਚ ਦੱਸੋ, ਤੁਸੀਂ ਕਾਲਾ ਧੰਦਾ ਨਹੀਂ ਕਰਦੇ, ਜਨਤਾ ਦੀ ਅੱਖੀਂ ਘੱਟਾ ਨਹੀਂ ਪਾਉਂਦੇ ? ਪਾਰਸਾਈ ਦੇ ਪਰਦੇ ਪਿਛੇ ਠੱਗੀ ਨਹੀਂ ਕਰਦੇ ?

ਨੇਤਾ : (ਆਲੇ ਦੁਆਲੇ ਦੇਖ ਕੇ) ਸਭ ਕੁਛ ਕਰਦਾਂ ਪਰ ਇਹ ਇਨਕਸ਼ਾਫ ਕਰਕੇ ਤੈਨੂੰ ਕਿਆ ਮਿਲੇਗਾ ?

ਹਾਜੀ : ਮਨ ਦਾ ਚੈਨ। ਤੇਰਾ ਚਿਹਰਾ ਨੰਗਾ ਹੋਵੇਗਾ, ਲੋਕੀਂ ਧੋਖੇ ਤੋਂ ਬਚ ਰਹਿਣਗੇ। ਮੁਲਕ ਦੀ ਮਾੜੀ ਮੋਟੀ ਖਿਦਮਤ ਕਰ ਸਕਾਂਗਾ।

ਨੇਤਾ : (ਬੇਵਸ ਉੱਚੀ) ਹਾਜੀ, ਮੇਰਾ ਖਾਨਦਾਨ ਤਬਾਹ ਹੋ ਜਾਵੇਗਾ, ਕਾਰੋਬਾਰ ਬੰਦ ਹੋ ਜਾਵੇਗਾ, ਲੋਕਾਂ ਵਿਚ ਮੂੰਹ ਕਾਲਾ ਹੋਵੇਗਾ, ਫੇਰ ਤੇਰੇ ਸਿਰ ਚੜ੍ਹ ਕੇ ਖੁਦਕਸ਼ੀ ਕਰਾਂਗਾ।

ਹਾਜੀ : ਯਾਨੀ ਇਕਬਾਲ ਕਰਦੇ ਓ ਕਿ ਸਰਕਾਰ ਤੇ ਮੁਲਕ ਨਾਲ ਧਰੋਹ ਕਮਾਂਦੇ ਰਹੇ ਓ।

ਨੇਤਾ : (ਨਰਮ ਪੈ ਕੇ) ਹਾਜੀ ਸਾਹਿਬ, ਤੁਹਾਨੂੰ ਮੈਥੋਂ ਵਧ ਪਤਾ, ਮਾਯਾ ਪਾਪਾਂ ਤੋਂ ਬਿਨਾ ਕੱਠੀ ਨਹੀਂ ਹੁੰਦੀ। ਹੇਠ ਤੋਂ ਉਪਰ ਤਕ ਸਭ ਭ੍ਰਿਸ਼ਟਾਚਾਰ ਕਰਦੇ ਨੇ ਮੈਂ ਕੋਈ ਅਲਹਿਦਾ ਕੰਮ ਕਰ ਰਿਹਾਂ ?

ਹਾਜੀ : ਸੁਣਦੇ ਹੋ ਜਨਾਬ।

ਨੇਤਾ : ਇਹ ਕੌਣ ਸਾਹਿਬ ਨੇ।

ਹਾਜੀ : ਫਿਰੀ ਪ੍ਰੈਸ ਆਫ ਇੰਡੀਆ ਦੇ ਆਹਲਾ ਰਿਪੋਰਟਰ।

ਨੇਤਾ : (ਓਹਲੇ) ਮਾਰੇ ਗਏ ! ਰਹਿੰਦੀ ਖੂੰਹਦੀ ਉਮੀਦ ਵੀ ਗਈ ।

ਰਿਪੋਰਟਰ : ਤੁਹਾਡੀ ਹਾਜੀ ਸਾਹਿਬ ਨਾਲ ਮੁਲਾਕਾਤ ਟੇਪ ਕਰਨ ਆਇਆ ਸਾਂ, ਸ਼ੁਕਰੀਆ ।

ਨੇਤਾ : ਹੈਂ ! ਸਾਰੀ ਗਲਬਾਤ ਟੇਪ ਕਰ ਲਈ ਹੈ ? ਸਖਤ ਧਰੋਹ ਕਮਾਇਆ । ਇਹ ਧੋਖਾ ਹੈ, ਸਰਾਸਰ ਸਾਜ਼ਿਸ਼ । ਜੇਲ੍ਹ ਵਿਚ ਪੁਜ ਕੇ ਵੀ ਤੇਰੀਆਂ ਆਦਤਾਂ ਨਾ ਬਦਲੀਆਂ, ਹਾਜੀ ਦੇ ਬੱਚੇ !

ਝਪਟਾ ਮਾਰ ਕੇ ਟੇਪ ਰਿਕਾਰਡਰ ਖੋਲਣ ਦਾ ਯਤਨ ਕਰਦਾ ਹੈ ।

ਰਿਪੋਰਟਰ : (ਸਖਤੀ ਨਾਲ) ਕਿਆ ਕਰ ਰਹੇ ਓ ?

ਨੇਤਾ : ਅਖਬਾਰਾਂ 'ਚ ਸ਼ਾਇਆ ਤਾਂ ਨਹੀਂ ਕਰੋਗੇ ?

ਰਿਪੋਰਟਰ : ਤੁਹਾਡੀ ਸੋਹਣੀ ਸੂਰਤ ਸਮੇਤ ਛਪੇਗੀ ।

ਨੇਤਾ : (ਰੋਣ ਹਾਕਾ ਹੋ ਕੇ) ਫੋਟੋ ਸਮੇਤ ! ਲੁੱਟੇ ਗਏ । ਰਿਪੋਰਟਰ ਸਾਹਿਬ, ਇਹ ਕੀ ਹਨੇਰ ਮਾਰਨ ਲੱਗੇ ਓ । ਮੇਰੇ ਖਾਨਦਾਨ ਦਾ ਬੇੜਾ ਗਰਕ ਹੋ ਜਾਵੇਗਾ । ਮੈਨੂੰ ਬਚਾਓ, ਮੂੰਹ ਮੰਗਿਆ ਮੁਲ ਤਾਰਨ ਨੂੰ ਤਿਆਰ ਹਾਂ ।

ਰਿਪੋਰਟਰ : ਹੁਣ ਕੁਛ ਨਹੀਂ ਹੋ ਸਕਦਾ ।

ਨੇਤਾ : (ਹਿਸਟੀਰੀਆ ਦੇ ਚੱਕਰ ਵਿਚ) ਹੇ ਰੱਬਾ, ਹੁਣ ਕੀ ਬਣੇਗਾ, ਮੇਰੀ ਕੌਡੀ ਦੀ ਇੱਜ਼ਤ ਨਹੀਂ ਰਹੇਗੀ । ਹੇ ਪ੍ਰਮਾਤਮਾ, ਕਿਨ੍ਹਾਂ ਜਮਾਂ ਦੇ ਵਸ ਪਾ ਦਿੱਤਾ, ਜਿਨ੍ਹਾਂ ਦੇ ਮਨ ਮਿਹਰ ਨਹੀਂ, ਜੀ ਤਰਸ ਨਹੀਂ । ਉਇ ਦੁਸ਼ਟੋ, ਤੁਸੀਂ ਮੈਨੂੰ......... (ਲੰਮੇ ਲੰਮੇ ਸਾਹ ਲੈਂਦਾ ਹੋਇਆ) ਹਾਏ ! ਮੇਰਾ ਦਿਲ ਫੇਲ੍ਹ ਹੋਣ ਲੱਗਾ ।

ਹਾਜੀ : ਦਰੋਗਾ ਸਾਹਿਬ, ਡਾਕਟਰ ਨੂੰ ਬੁਲਾਉ ।

ਨੇਤਾ : ਨਹਿਰੋ, ਇਹ ਬਦਮਾਸ਼ ਤੀਜਾ ਉਗਾਹ ਬਨਾਣਾ ਚਾਹੁੰਦਾ ।

ਹਾਜੀ : ਤੁਹਾਡੀ ਸ਼ਰਾਫਤ ਦਾ ਵੀ ਅਜ ਪਾਜ ਖੁਲ੍ਹ ਗਿਆ ।

ਨੇਤਾ : ਰਿਪੋਰਟਰ ਸਾਹਿਬ, ਤੁਸੀਂ ਹੀ ਕੋਈ ਰਾਹ, ਕੋਈ ਉਪਾ ਦੱਸੋ ।

ਰਿਪੋਰਟਰ : ਹਾਜੀ ਸਾਹਿਬ ਹੀ ਕੁਛ ਦਸ ਸਕਦੇ ਨੇ ।

ਨੇਤਾ : ਹਾਜੀ ਸਾਹਿਬ, ਮੇਰੇ ਹਾਲ ਤੇ ਰਹਿਮ ਕਰੋ, ਖੁਦਾ ਦਾ ਵਾਸਤਾ ਹੈ ।



ਹਾਜੀ : ਹੈ ਇਕ ਰਾਹ ।

ਨੇਤਾ : (ਤਿਣਕੇ ਦੇ ਸਹਾਰੇ ਵਾਂਗ) ਹੈਂ ! ਹੈ ਬਚਾ ਦੀ ਸੂਰਤ ! ਛੇਤੀ ਦੱਸੋ, ਰੱਬ ਤੁਹਾਡਾ ਦੋਹੀ ਜਹਾਨੀਂ ਭਲਾ ਕਰੇ ।

ਹਾਜੀ : ਅਮਲੋਂ ਨਰਮ ਸਜ਼ਾ ਹੈ ।

ਨੇਤਾ : ਛੇਤੀ ਦੱਸੋ ਨਾ ਹਾਜੀ ਸਾਹਿਬ, ਦਿਲ ਫੇਲ੍ਹ ਹੋਣ ਨੂੰ ਕਰਦਾ ।

ਹਾਜੀ : ਤੁਸੀ ਕਪੜੇ ਉਤਾਰੋ !

ਨੇਤਾ : ਕਿਸ ਵਾਸਤੇ ?

ਰਿਪੋਰਟਰ : ਕਿਉਂਕਿ ਸਚ ਸਦਾ ਨੰਗਾ ਹੁੰਦਾ, ਕਪੜੇ ਕੂੜ ਹਨ ।

ਹਾਜੀ : ਨੰਗੇ ਹੋ ਕੇ ਬੋਲੋ ਕਿ ਮੈਂ ਦੇਸ ਤੇ ਕੌਮ ਨਾਲ ਧਰੋਹ ਕਮਾਂਦਾ ਰਿਹਾਂ ।

ਨੇਤਾ : ਮੈਂ ਨੰਗਾ ਹੋ ਜਾਂਦਾਂ, ਸਭੋ ਕੁਝ ਕਹਿ ਦਿਆਂਗਾ ਪਰ ਵਾਇਦਾ ਕਰੋ ਟੇਪ ਨਹੀਂ ਕਰੋਗੇ ।

ਹਾਜੀ : ਦੋਸ਼ੀ ਹੁਕਮ ਨਹੀਂ ਦਿੰਦੇ ਰਹਿਮ ਲਈ ਅਪੀਲ ਕਰ ਸਕਦੇ ਨੇ ।

ਨੇਤਾ : ਹਾਂ ਹਾਂ ਮੈਂ ਅਪੀਲ ਕਰਦਾ ਹਾਂ ।

ਹਾਜੀ : ਫੇਰ ਖੋਲੋ ਕਪੜੇ ਸ਼ਾਇਦ ਸੁਣੀ ਜਾਵੇ ।

ਨੇਤਾ : (ਕਪੜੇ ਉਤਾਰਦਾ ਹੋਇਆ) ਹੇ ਪਰਮਾਤਮਾ, ਤੂੰ ਐਸੇ ਨਿਰਦਈ ਬੰਦੇ ਵੀ ਭੇਜੇ ਨੇ ਜਿਹੜੇ ਇਕ ਭਲੇਮਾਣਸ ਤੋਂ ਨਕ ਨਾਲ ਲਕੀਰਾਂ ਕਢਾ ਰਹੇ ਨੇ ।

ਰਿਪੋਰਟਰ : ਜੇ ਫਾਲਤੂ ਗਲ ਬੋਲੀ ਫੌਰਨ ਟੇਪ ਕਰ ਲਈ ਜਾਵੇਗੀ ।

ਨੇਤਾ : ਮੇਰੇ ਵਸ ਦੀ ਗਲ ਨਹੀਂ ਰਿਪਰਟਰ ਸਾਹਿਬ, ਬੋਲਣ ਦੀ ਆਦਤ ਪਈ ਹੋਈ ਐ ।

ਹਾਜੀ : ਲੀਡਰਾਂ ਵਾਲੀ ਹੇਰਾ ਫੇਰੀ ਛੱਡੋ, ਸਿੱਧੀ ਤਰ੍ਹਾਂ ਆਖੋ ।

ਨੇਤਾ : ਕਹੇ ਬਿਨਾ ਤੁਸੀ ਜਮਦੂਤ ਕਿਥੇ ਛੱਡਣ ਲੱਗੇ ਹੋ । (ਹਥ ਜੋੜ ਕੇ ਅੱਖਾਂ ਬੰਦ ਕਰਕੇ) ਅੱਛਾ ਜੋ ਹੋਵੇਗਾ ਦੇਖੀ ਜਾਵੇਗੀ !

ਹਾਜੀ : ਬੋਲ, ਪਰਮਾਤਮਾ ਨੂੰ ਹਾਜ਼ਰ ਨਾਜ਼ਰ ਜਾਣਕੇ ਕਹਿੰਦਾ ਹਾਂ ਜੋ ਕਹਾਂਗਾ ਸਚ ਕਹਾਂਗਾ , ਸਚ ਤੋਂ ਬਿਨਾ ਕੁਛ ਨਹੀਂ ਕਹਾਂਗਾ ।

ਨੇਤਾ : ਮੈਂ ਪਰਮਾਤਮਾ ਨੂੰ ਹਾਜ਼ਰ ਨਾਜ਼ਰ ਜਾਣਕੇ ਕਹਿੰਦਾ ਹਾਂ ਜੋ ਕਹਾਂਗਾ ਸਚ ਕਹਾਂਗਾ ਸਚ ਤੋਂ ਬਿਨਾਂ ਕੁਛ ਨਹੀਂ ਕਹਾਂਗਾ।

ਹਾਜੀ : ਮੈਂ ਜਨਤਾ ਤੇ ਦੇਸ ਨਾਲ ਧਰੋਹ ਕਮਾਦਾਂ ਰਿਹਾਂ ਅਗੋਂ ਵਾਸਤੇ ਕੰਨ ਫੜਦਾ ਹਾਂ।

ਨੇਤਾ : ਮੈਂ ਜਨਤਾ ਤੇ ਦੇਸ ਨਾਲ ਧਰੋਹ ਕਮਾਂਦਾ ਰਿਹਾਂ ਅਗੋਂ ਵਾਸਤੇ ਕੰਨ ਫੜਦਾਂ ਹਾਂ।

ਹਾਜੀ : ਬਸ ਬਸ ਕਾਫੀ ਹੈ, ਉਥੇ ਖੜੇ ਹੋ ਜਾਓ ਔਰ ਮੂੰਹ ਅੱਗੇ ਉਂਗਲ ਕਰ ਲਵੋ।

ਨੇਤਾ : ਇਹੋ ਤਾਂ ਮੁਸੀਬਤ ਹੈ, ਅਸੀਂ ਲੋਕ ਬੋਲੇ ਬਿਨਾ ਰਹਿ ਨਹੀਂ ਸਕਦੇ।

ਸੇਠ ਪਿਛਾਂਹ ਮੁੜ ਕੇ ਦੇਖਦਾ ਹੈ। ਦੋਵੇਂ ਇਕ ਦੂਜੇ ਨੂੰ ਪਛਾਣਦੇ ਹਨ ਅਤੇ ਚੋਰੀ ਚੋਰੀ ਇਕ ਦੂਜੇ ਨੂੰ ਝਾਕਦੇ ਹਨ।

ਹਾਜੀ : (ਦਰੋਗੇ ਨੂੰ) ਕੌਣ ਹੈ ਇਹ ਗੁਸਤਾਖ ਸ਼ਖਸ ਧੱਕੇ ਨਾਲ ਅੱਗੇ ਵਧੀ ਆ ਰਿਹਾ ?

ਦਰੋਗਾ : ਮੰਤਰੀ ਸਾਹਿਬ ਨੇ, ਮੈਨੂੰ ਵੀ ਧਮਕਾ ਰਹੇ ਨੇ।

ਵਜ਼ੀਰ : ਹਾਜੀ ਸਾਹਿਬ, ਤੁਸੀ ਜ਼ਰਾ ਭਰ ਫਿਕਰ ਨ ਕਰੋ, ਤੁਹਾਡੀ ਰਿਹਾਈ ਦਾ ਬੰਦੋ-ਬਸਤ ਕਰ ਦਿੱਤਾ ਹੈ। ਮੈਂ ਸਿਰਫ ਤੁਹਾਨੂੰ ਸੂਚਿਤ ਕਰਨ ਆਇਆਂ, ਮੁਖ ਮੰਤਰੀ ਨਾਲ ਸ਼ਾਮੀ ਗਲ ਕਰ ਲਈ ਸੀ। ਉਨ੍ਹਾਂ ਅੱਗੇ ਕੇਂਦਰੀ ਮੰਤਰੀ ਤੋਂ ਆਗਿਆ ਲੈ ਲਈ ਹੈ। ਤੁਸੀ ਪਾਰਟੀ ਦੀ ਬਹੁ-ਮੁੱਲੀ ਸਹਾਇਤਾ ਕੀਤੀ ਹੈ। ਇਸ ਵਾਸਤੇ ਤੁਹਾਨੂੰ ਜਲਦੀ ਬਾਇੱਜ਼ਤ ਰਿਹਾ ਕੀਤਾ ਜਾਵੇਗਾ।

ਹਾਜੀ : ਵਜ਼ੀਰ ਸਾਹਿਬ, ਮੇਰੀ ਚਿੰਤਾ ਛੱਡੋ, ਅਪਣੀ ਕੁਰਸੀ ਦਾ ਫਿਕਰ ਕਰੋ। ਮੈਨੂੰ ਮਿਲਣਾ ਨਹਾਇਤ ਖਤਰਨਾਕ ਹੈ।

ਵਜ਼ੀਰ ਸਾਨੂੰ ਕਿਸੇ ਕਿਸਮ ਦਾ ਖੌਫ ਨਹੀਂ, ਮੈਂ ਕੇਵਲ ਅਰਜ਼ ਕਰਨ ਆਇਆਂ, ਤੁਸੀ ਕੋਈ ਉਲਟਪੁਲਟ ਬਿਆਨ ਨਾ ਦੇ ਦੇਣਾ।

ਹਾਜੀ : ਵਜ਼ੀਰ ਸਾਹਿਬ, ਮੇਰੀ ਕਿਆ ਮਜਾਲ ਇਕ ਲਫਜ਼ ਵੀ ਗਲਤ ਬੋਲਾਂ।



ਵਜ਼ੀਰ : ਸਾਬਾਸ਼ ! ਬਹੁਤ ਬਰਖੁਰਦਾਰ ਹੈਂ।

ਹਾਜੀ : ਪਰ ਮੈਂ ਅਸਲੀਅਤ ਦਾ ਇਜ਼ਹਾਰ ਜ਼ਰੂਰ ਕਰਾਂਗਾ।

ਵਜ਼ੀਰ : ਮੇਰਾ ਨਾਮ ਹਰਗਿਜ਼ ਨਾ ਲੈਣਾ, ਵਰਨਾ ਸਖਤ ਗੜਬੜ ਹੋ ਜਾਵੇਗੀ।

ਹਾਜੀ : ਵਜ਼ੀਰ ਸਾਹਿਬ, ਸਮਝ ਨਹੀਂ ਆਉਂਦੀ, ਤੁਸੀ ਕਿਸ ਤਰ੍ਹਾਂ ਬਚ ਸਕੋਗੇ। ਵਹੀ ਖਾਤਿਆਂ ਵਿਚ ਜਗਾ ਜਗਾ ਤੁਹਾਡਾ ਨਾਮ ਦਰਜ ਹੈ। ਚੈੱਕ ਨੰਬਰ ਵੀ ਨੋਟ ਕੀਤੇ ਹੋਏ ਨੇ। ਲੱਖਾਂ ਕਰੋੜਾ ਦਾ ਮਾਮਲਾ ਹੈ। ਜੇ ਮੈਥੋਂ ਉਗਰਾਹ ਕੇ ਪਾਰਟੀ ਨੂੰ ਪਚਾਂਦੇ ਰਹੇ ਹੋ ਫੇਰ ਤੁਹਾਨੂੰ ਕੋਈ ਖਤਰਾ ਨਹੀਂ, ਪਰ ਮੇਰੇ ਵਹੀ ਖਾਤੇ ਹੁਣ ਸੀ. ਬੀ. ਆਈ ਦੇ ਕਾਬੂ ਵਿਚ ਨੇ।

ਵਜ਼ੀਰ : ਹਾਜੀ ਸਾਹਿਬ, ਹੋਸ਼ ਨਾਲ ਗਲ ਕਰੋ। ਭੁਲ ਗਏ ਲਗਦੇ ਓ, ਕਿਸ ਨਾਲ ਗੱਲਾਂ ਕਰ ਰਹੇ ਹੋ। ਮੈਂ ਮੂੰਹ ਵੀ ਬੰਦ ਕਰਵਾਂ ਦਿਆਂਗਾ। ਅਸੀਂ ਆਰਡੀਨੈਂਸ ਰਾਹੀਂ ਕਚਹਿਰੀ ਦੇ ਦਰਵਾਜੇ ਬੰਦ ਕਰਾ ਦਿੱਤੇ ਨੇ।

ਹਾਜੀ : ਪਰ ਵਜ਼ੀਰ ਸਾਹਿਬ, ਮੈਂ ਤਾਂ ਬਿਆਨ ਦੇ ਚੁੱਕਾ ਹਾਂ।

ਵਜ਼ੀਰ : ਹੈਂ ਕਿਸ ਨੂੰ ? ਕਦੋਂ ?

ਹਾਜੀ : ਹਣੇ ! ਆਹ ਖੜੇ ਨੇ ਪ੍ਰੈਸ ਰਿਪੋਰਟਰ।

ਰਿਪੋਰਟਰ : ਵਜ਼ੀਰ ਸਾਹਿਬ, ਤੁਹਾਡੀ ਸਾਰੀ ਗਲਬਾਤ ਰਿਕਾਰਡ ਹੋ ਚੁੱਕੀ ਹੈ, ਹਾਜੀ ਸਾਹਿਬ ਦੇ ਬਿਆਨ ਨਾਲ ਸ਼ਾਇਆ ਹੋ ਜਾਵੇਗੀ।

ਵਜ਼ੀਰ : ਤੂੰ ਕੌਣ ਹੁੰਦਾਂ ਮੇਰੀ ਗਲਬਾਤ ਰਿਕਾਰਡ ਕਰਨ ਵਾਲਾ।

ਰਿਪੋਰਟਰ ; ਭਾਰਤ ਦੇ ਆਜ਼ਾਦ ਪ੍ਰੈਸ ਦਾ ਇਕ ਨੁਮਾਇੰਦਾ।

ਵਜ਼ੀਰ : ਤੈਨੂੰ ਜਾਨ ਨਹੀਂ ਚਾਹੀਦੀ।

ਰਿਪੋਰਟਰ : ਹੱਥੋਪਾਈ ਕਰੋਗੇ। ਦਰੋਗਾ ਸਾਹਿਬ ਤੁਸੀਂ ਸਭ ਕੁਝ ਦੇਖ ਰਹੇ ਹੋ। ਚਸ਼ਮਦੀਦ ਗਵਾਹੀ ਦੇਣੀ ਪਵੇਗੀ। ਇਨ੍ਹਾਂ ਹੁਣੇ ਇਕ ਰਿਪੋਰਟਰ ਨੂੰ ਮਾਰਨ ਦੀ ਧਮਕੀ ਦਿੱਤੀ ਹੈ।

ਵਜ਼ੀਰ : ਕੋਈ ਧਮਕੀ ਨਹੀਂ ਦਿੱਤੀ। (ਨਰਮ ਪੈ ਕੇ) ਰਿਪੋਰਟਰ ਸਾਹਿਬ, ਮੁਆਫ ਕਰੋ, ਐਵੇਂ ਗਲ ਨਾ ਵਧਾਓ, ਰਫਾ ਦਫਾ ਕਰੋ ਮਾਮਲਾ, ਜੋ ਸੇਵਾ ਕਹੋ ਕਰਨ ਨੂੰ ਤਿਆਰ ਹਾਂ।

ਰਿਪੋਰਟਰ : (ਰੋਸ ਨਾਲ) ਮਿਹਰਬਾਨੀ ।

ਵਜ਼ੀਰ ਹਾਜੀ ਸਾਹਿਬ, ਇਨ੍ਹਾਂ ਨੂੰ ਸਮਝਾਓ, ਮੇਰੀ ਕੁਰਸੀ ਖੁਸ ਜਾਵੇਗੀ, ਇਨ੍ਹਾਂ ਨੂੰ ਕੋਈ ਫਾਇਦਾ ਨਹੀਂ ਹੋਵੇਗਾ । ਮੈਂ ਤੁਹਾਡੀ ਠੋਸ ਮਦਦ ਕਰ ਸਕਦਾਂ ।

ਹਾਜੀ : ਮੈਂ ਤਾਂ ਅਪਨੀ ਜ਼ਮੀਰ ਤੋਂ ਜੋ ਭਾਰ ਲਾਹੁਣਾ ਸੀ ਸੋ ਲਾਹ ਚੁੱਕਾ ਹਾਂ ।

ਰਿਪੋਰਟਰ : ਮੈਂ ਵੀ ਇਕ ਦਿਆਨਤਦਾਰ ਰਿਪੋਰਟਰ ਦਾ ਫਰਜ਼ ਅਦਾ ਕੀਤਾ ਹੈ ।

ਵਜ਼ੀਰ : ਤੁਸੀਂ ਦੋਵੇਂ ਆਪੋ ਆਪਣੀ ਥਾਂ ਸੱਚੇ ਓ, ਮੈਨੂੰ ਵੀ ਬਚਾ ਦਾ ਕੋਈ ਰਾਹ ਦੱਸੋ ।

ਹਾਜੀ : ਬਸ ਇਕੋ ਰਾਹ ਬਾਕੀ ਹੈ ।

ਵਜ਼ੀਰ : ਉਹ ਕਿਹੜਾ ? ਛੇਤੀ ਦੱਸੋ ।

ਹਾਜੀ : ਮੇਰੇ ਵਾਂਗ ਰੱਬ ਨੂੰ ਹਾਜ਼ਰ ਨਾਜ਼ਰ ਜਾਣ ਕੇ ਆਪਣਾ ਦੋਸ਼ ਮੰਨ ਲਓ ।

ਵਜ਼ੀਰ : ਰਿਕਾਰਡ ਤਾਂ ਨਹੀਂ ਕਰੋਗੇ, ਅੱਗੇ ਤਾਂ ਨਹੀਂ ਭੇਜੋਗੇ ?

ਰਿਪੋਰਟਰ : ਨਹੀਂ, ਯਕੀਨ ਕਰੋ ।

ਵਜ਼ੀਰ : ਦੱਸੋ, ਹੋਰ ਕੀ ਚਾਹੁੰਦੇ ਹੋ

ਹਾਜੀ : ਸਜ਼ਾ ਵਜੋਂ ਫੌਰਨ ਕਪੜੇ ਉਤਾਰੋ ।

ਵਜ਼ੀਰ : ਕਿਉਂ ਮੈਨੂੰ ਜ਼ਲੀਲ ਕਰਨ ਲੱਗੇ ਓ ? ਲੋਕਾਂ ਨੂੰ ਮੂੰਹ ਦਿਖਾਣ ਜੋਗਾ ਨਹੀਂ ਰਹਾਂਗਾ । ਪ੍ਰਧਾਨ ਮੰਤਰੀ ਜੀ ਬਹੁਤ ਸਖਤ ਹੋ ਗਏ ਨੇ, ਫੜ ਫੜਾਈ ਦੀ ਸਾਰੀ ਮੁਹਿੰਮ ਉਨ੍ਹਾਂ ਆਪਣੇ ਹੱਥ ਲੈ ਲਈ ਹੈ । ਮੇਰਾ ਸਾਰਾ ਪੁਲਿਟੀਕਲ ਕੈਰੀਅਰ ਤਬਾਹ ਹੋ ਜਾਵੇਗਾ ।

ਹਾਜੀ : ਜੇ ਨਹੀਂ ਕਬੂਲ ਤਾਂ ਤੁਹਾਡੀ ਮਰਜ਼ੀ ।

ਵਜ਼ੀਰ : ਨੰਗਾ ਹੋਣਾ ਜ਼ਰੂਰੀ ਹੈ । ਕੀ ਮਤਲਬ ?

ਰਿਪੋਰਟਰ : ਅਸੀਂ ਸਭ ਨੰਗੇ ਪੈਦਾ ਹੋਏ ਆਂ । ਸਚ ਹਮੇਸ਼ਾਂ ਨੰਗਾ ਹੁੰਦਾ । ਨੰਗੇ ਦਾ ਮਤਲਬ ਹੈ ਮੈਂ ਕੋਈ ਗਲ ਨਹੀਂ ਛੁਪਾ ਰਿਹਾ ।

ਹਾਜੀ : ਰਿਪੋਰਟਰ ਸਾਹਿਬ ਡੂੰਘੇ ਰਾਜ਼ ਦੀ ਗਲ ਕਰ ਰਹੇ ਨੇ ।



ਵਜ਼ੀਰ : (ਕਪੜੇ ਉਤਾਰਦਾ ਹੋਇਆ ਆਲੇ ਦੁਆਲੇ ਦੇਖ ਕੇ) ਉਹ ਕੌਣ ਖੜ੍ਹੇ ਨੇ ।

ਰਿਪੋਰਟਰ : ਨੰਗੇ ਆਦਮੀ ।

ਹਾਜੀ : ਤੁਹਾਡੇ ਹਮਪੇਸ਼ਾ ਸਮਾਜ ਦੇ ਥੰਮ । ਮੇਰੇ ਤੁਹਾਡੇ ਵਰਗੇ ਭੱਦਰ ਪੁਰਸ਼ । ਸ਼ਰੀਫ ਬਦਮਾਸ਼ !) ਤਿੰਨੇ ਇਕ ਦੂਜੇ ਨੂੰ ਪਛਾਣਦੇ ਹਨ ਤੇ ਆਪੋ ਆਪਣਾ ਮੂੰਹ ਛੁਪਾਂਦੇ ਹਨ ।)

ਵਜ਼ੀਰ : ਇਹ ਕੌਣ ਆ ਰਹੇ ਨੇ ?

ਹਾਜੀ : ਸਰਕਾਰੀ ਅਫ਼ਸਰ ਮਲੂਮ ਹੁੰਦੇ ਨੇ ।

(ਜੇਲ੍ਹਰ, ਆਹਲਾ ਪੁਲੀਸ ਅਫ਼ਸਰ ਤੇ ਇਕ ਸਰਕਾਰੀ ਕਰਮ-ਚਾਰੀ ਆਉਂਦੇ ਹਨ ।)

ਵਜ਼ੀਰ : ਇਹ ਕਿੱਥੇ ਆਣ ਟਪਕੇ ।

ਹਾਜੀ : ਫਰਮਾਓ ।

ਪੁਲੀਸ ਅਫਸਰ : ਸਾਨੂੰ ਸੈਂਟਰ ਤੋਂ ਹੁਕਮ ਆਇਆ ਹੈ, ਇਨ੍ਹਾਂ ਗੈਰ ਕਾਨੂੰਨੀ ਮੁਲਾਕਾਤੀਆਂ ਨੂੰ ਮੀਸਾ ਅਧੀਨ ਗ੍ਰਿਫਤਾਰ ਕੀਤਾ ਜਾਵੇ ।

ਹਾਜੀ : ਜ਼ਰੂਰ ਕਰਨਾ, ਪਹਿਲਾਂ ਗਲ ਸੁਣ ਲਓ ।

ਅਫਸਰ : ਚੁਪ ਰਹੁ । ਤੂੰ ਕੌਣ ਹੁੰਦਾ ਦਖਲ ਦੇਣ ਵਾਲਾ ।

ਹਾਜੀ : ਅੱਛਾ, ਐਨੀ ਛੇਤੀ ਭੁਲ ਗਏ ਓ ।

ਅਫਸਰ : ਬੋਲ, ਕਿਆ ਕਹਿਣਾ ਚਾਹੁੰਦਾ ।

ਹਾਜੀ : ਤੁਸੀ ਆਪਨੇ ਦਿਲ ਤੇ ਹਥ ਰਖ ਕੇ ਆਖੋ ਅਸੀਂ ਕਦੇ ਬੇਈਮਾਨੀ ਜਾਂ ਭਰਿਸ਼ਟਾਚਾਰ ਨਹੀਂ ਕੀਤਾ ।

ਅਫਸਰ : ਤੂੰ ਕੌਣ ਹੁੰਦਾ ਸਾਨੂੰ ਪੁਛਣ ਵਾਲਾ ?

ਹਾਜੀ : ਵਕਤ ਆਏ ਤੇ ਦੱਸਾਂਗਾ ।

ਅਫਸਰ : (ਪਿਛੇ ਵਲ ਦੇਖਕੇ) ਇਨ੍ਹਾਂ ਕਪੜੇ ਕਿਉਂ ਉਤਾਰੇ ਹੋਏ ਨੇ ?

ਹਾਜੀ : ਤਾਂ ਜੋ ਪਛਾਣੇ ਨਾ ਜਾ ਸਕਣ ।

ਅਫਸਰ : ਸਭ ਨੂੰ ਗ੍ਰਿਫਤਾਰ ਕਰੋ । ਵਜ਼ੀਰ ਸਾਹਿਬ, ਤੁਸੀਂ ਕਿੱਥੇ ?

ਵਜ਼ੀਰ : ਏਸ ਖ਼ਬੀਸ ਨੇ ਮੇਰੀ ਮੁਲਾਕਾਤ ਵੀ ਟੇਪ ਕਰ ਲਈ ਹੈ ।

ਅਫਸਰ : (ਰਿਪੋਰਟਰ ਨੂੰ) ਸਾਰੀਆਂ ਚੀਜ਼ਾਂ ਫੌਰਨ ਸਾਡੇ ਹਵਾਲੇ ਕਰ ਦੇ ।

(ਨੋਟ ਬੁਕ, ਵਾਇਰ ਲੈਸ ਸੈੱਟ ਅਤੇ ਟੇਪ ਰਿਕਾਰਡਰ ਨੂੰ ਹਥ ਪਾਂਦਾ ਹੈ ।)

ਰਿਪੋਰਟਰ : ਬੇਸ਼ਕ ਲੈ ਲਵੋ, ਮੈਂ ਸਾਰੀ ਰਿਪੋਰਟ ਪ੍ਰੈਸ ਟ੍ਰਸਟ ਆਫ ਇੰਡੀਆ ਨੂੰ ਪਹਿਲਾਂ ਹੀ ਨਸ਼ਰ ਕਰ ਚੁੱਕਾ ਹਾਂ । ਉਹ ਸਵੇਰੇ ਸਭ ਅਖਬਾਰਾਂ ਵਿਚ ਛਪ ਜਾਵੇਗੀ ਔਰ ਉਸ ਦੀ ਇਕ ਕਾਪੀ ਕਲ ਲੋਕ ਸਭਾ ਵਿਚ ਪੇਸ਼ ਕੀਤੀ ਜਾਵੇਗੀ ।

ਅਫਸਰ : ਤੂੰ ਕੌਣ ਹੈਂ ?

ਰਿਪੋਰਟ : ਲੋਕ ਸਭਾ ਦਾ ਮੈਂਬਰ ਅਹਿਮਦ ਸਲੀਮ, ਆਹ ਦੇਖੋ ਮੁਲਾਕਾਤ ਦਾ ਸਰਕਾਰੀ ਹੁਕਮ ।

ਵਜ਼ੀਰ : ਲੁੱਟੇ ਗਏ !

ਸੇਠ : ਦੋਹੀਂ ਜਹਾਨੀਂ ਮੂੰਹ ਕਾਲਾ !

ਨੇਤਾ : ਮੇਰਾ ਦਿਲ ਫੇਲ੍ਹ ਹੋ ਗਿਆ ਜੇ ! ਡਾਕਟਰ !

(ਪੁਲੀਸ ਅਫਸਰ ਸਮੇਤ ਸਾਰੇ ਸਖਤ ਹੈਰਾਨੀ ਦੀ ਹਾਲਤ ਵਿਚ ਮੂੰਹ ਅੱਡੀ ਬੁਤ ਬਣ ਜਾਂਦੇ ਹਨ ।)

ਦੀਵਾਨਾ : ਜਨਾਬ ਮੈਂ ਵੀ ਮੌਕੇ ਦਾ ਗਵਾਹ ਹਾਂ ।

ਉੱਚੀ ਉੱਚੀ ਹਸਦਾ ਤੇ ਗਾਉਂਦਾ ਹੈ :–

ਚਲਤੀ ਕੋ ਗਾਡੀ ਕਹੇਂ
ਬਨੇ ਦੂਧ ਕੋ ਖੋਯਾ
ਰੰਗੀ ਕੋ ਨਾਰੰਗੀ ਕਹੇਂ
ਦੇਖ ਕਬੀਰਾ ਰੋਯਾ ।

———